# Manhattan

ਡਿਸਟ੍ਰਿਕਟ 1–10


**ਅਗਾਊਂ ਵੋਟਿੰਗ**
17–25 ਜੂਨ

**ਚੋਣ-ਦਿਵਸ**
27 ਜੂਨ

## 2023 ਪ੍ਰਮੁੱਖ ਚੋਣਾਂ

# ਸਿਟੀ ਕੌਂਸਲ

# ਵੋਟਰ ਗਾਈਡ



'ਤੇ ਹੋਰ ਜਾਣੋ
**punjabi.nycvotes.org**

NYC VOTES
ਨਿਊਯਾਰਕ ਸ਼ਹਿਰ ਦਾ ਕੈਂਪੇਨ
ਫਾਇਨਾਂਸ ਬੋਰਡ ਦੀ ਇੱਕ ਪਹਿਲ

# 2023 NYC ਵੋਟਰ ਗਾਈਡ

## ਆਪਣੀ ਡਿਸਟ੍ਰਿਕਟ ਵਿੱਚ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਸਭ ਤੋਂ ਨਵੀਂ ਸੂਚੀ ਵੇਖਣ ਲਈ punjabi.nycvotes.org/candidates 'ਤੇ ਜਾਓ।

### ਮੈਂ ਵੋਟ ਕਦੋਂ ਪਾਵਾਂ?

- ਪ੍ਰਮੁੱਖ ਚੋਣਾਂ ਮੰਗਲਵਾਰ, 27 ਜੂਨ ਨੂੰ ਪੈਣੀਆਂ ਹਨ।
- ਤੁਸੀਂ ਸ਼ਨਿਚਰਵਾਰ, 17 ਜੂਨ ਤੋਂ ਐਤਵਾਰ, 25 ਜੂਨ ਤੱਕ ਅਗਾਊਂ ਵੋਟ ਪਾ ਸਕਦੇ ਹੋ।
- ਸੋਮਵਾਰ, 26 ਜੂਨ ਨੂੰ ਕੋਈ ਅਗਾਊਂ ਵੋਟਿੰਗ ਨਹੀਂ ਪੈਣੀ।

### ਮੈਂ ਕਿਸ ਲਈ ਵੋਟਿੰਗ ਕਰ ਰਿਹਾ/ਰਹੀ ਹਾਂ?

#### ਦਫ਼ਤਰ

- ਸਿਟੀ ਕੌਂਸਲ
- ਡਿਸਟ੍ਰਿਕਟ ਅਟਾੱਰਨੀ
- ਸਿਵਿਲ ਅਦਾਲਤ

#### ਪਾਰਟੀ ਦੇ ਅਹੁਦੇ

- ਅਦਾਲਤੀ ਸਮਾਗਮ ਲਈ ਡੈਲੀਗੇਟ
- ਅਦਾਲਤੀ ਸਮਾਗਮ ਲਈ ਬਦਲਵੇਂ ਡੈਲੀਗੇਟ/ਨੁਮਾਇੰਦੇ
- ਸਟੇਟ ਕਮੇਟੀ
- ਕਾਉਂਟੀ ਕਮੇਟੀ
- ਡਿਸਟ੍ਰਿਕਟ ਲੀਡਰ

ਤੁਹਾਡੀ ਵੋਟ-ਪਰਚੀ 'ਤੇ ਦਿੱਤੇ ਗਏ ਖ਼ਾਸ ਦਫ਼ਤਰ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਤੁਸੀਂ ਕਿੱਥੇ ਰਹਿੰਦੇ ਹੋ ਅਤੇ ਤੁਸੀਂ ਕਿਸ ਸਿਆਸੀ ਪਾਰਟੀ ਨਾਲ ਜੁੜੇ ਹੋਏ ਹੋ। punjabi.nycvotes.org/candidates 'ਤੇ ਆਪਣੀ ਵੋਟ-ਪਰਚੀ ਵੇਖੋ

**punjabi.nycvotes.org 'ਤੇ ਹੋਰ ਜਾਣੋ!**

### ਚੋਣ ਦੀਆਂ ਤਾਰੀਖ਼ਾਂ ਅਤੇ ਅੰਤਮ ਤਾਰੀਖ਼ਾਂ

| | |
|---|---|
| **12 ਜੂਨ** | ਗੈਰਹਾਜ਼ਰ ਬੈਲਟ ਬਾਰੇ ਬੇਨਤੀ ਦੀ ਅੰਤਮ-ਤਾਰੀਖ਼ (ਆੱਨਲਾਈਨ ਜਾਂ ਡਾਕ ਰਾਹੀਂ)<br>*ਜੇ ਤੁਸੀਂ ਗੈਰਹਾਜ਼ਰ ਬੈਲਟ ਬਾਰੇ ਬੇਨਤੀ ਫ਼ਾਰਮ ਡਾਕ ਰਾਹੀਂ ਭੇਜਦੇ ਹੋ, ਤਾਂ ਚੋਣ ਬੋਰਡ (Board of Elections) ਨੂੰ ਇਸ ਤਾਰੀਖ਼ ਤੱਕ ਜ਼ਰੂਰ ਮਿਲਣਾ ਚਾਹੀਦਾ ਹੈ।. |
| **17 ਜੂਨ** | ਵੋਟਰ ਰਜਿਸਟ੍ਰੇਸ਼ਨ ਦੀ ਅੰਤਮ-ਤਾਰੀਖ਼ |
| **17 ਜੂਨ** | ਅਗਾਊਂ ਵੋਟਿੰਗ ਸ਼ੁਰੂ ਹੋਣੀ ਹੈ |
| **25 ਜੂਨ** | ਅਗਾਊਂ ਵੋਟਿੰਗ ਖ਼ਤਮ ਹੋਣੀ ਹੈ |
| **26 ਜੂਨ** | ਗੈਰਹਾਜ਼ਰ ਬੈਲਟ ਬਾਰੇ (ਚੋਣ ਬੋਰਡ (Board of Elections) ਦੇ ਦਫ਼ਤਰ ਵਿੱਚ ਆਪ ਆਕੇ) ਅੰਤਮ-ਤਾਰੀਖ਼ ਦੀ ਬੇਨਤੀ ਕੀਤੀ ਜਾ ਸਕਦੀ ਹੈ। |
| **27 ਜੂਨ** | ਪ੍ਰਮੁੱਖ ਚੋਣ-ਦਿਵਸ (ਸਵੇਰੇ 6:00 ਵਜੇ – ਰਾਤੀਂ 9:00 ਵਜੇ)<br>ਆਪਣੀ ਗੈਰਹਾਜ਼ਰ ਬੈਲਟ (ਵੋਟ-ਪਰਚੀ) 'ਤੇ ਪੋਸਟਮਾਰਕ ਜਾਂ ਵੋਟਾਂ ਪੈਣ ਦੀ ਥਾਂ 'ਤੇ ਇਸ ਨੂੰ ਪਾਉਣ ਦੀ ਅੰਤਮ ਤਾਰੀਖ਼ |

## ਵਿਸ਼ਾ-ਵਸਤੂ


3 ਵੋਟ ਕਿਵੇਂ ਪਾਓ
4 ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ,
5 ਵੋਟਰ ਵਜੋਂ ਮੇਰੇ ਕੀ ਹੱਕ ਹਨ?
6 ਪਹੁੰਚਯੋਗਤਾ
7 ਸੈਂਪਲ ਵੋਟ-ਪਰਚੀ
8 ਤਰਜੀਹੀ ਵੋਟਿੰਗ
10 ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?
11 ਸਿਟੀ ਕੌਂਸਲ ਬਾਰੇ
13 ਵੋਟ-ਪਰਚੀ 'ਤੇ ਉਮੀਦਵਾਰ
37 NYC Votes ਬਾਰੇ
38 ਅਕਸਰ ਪੁੱਛੇ ਜਾਣ ਵਾਲੇ ਸੁਆਲ
40 ਚੋਣ ਬੋਰਡ (Board of Elections) ਨਾਲ ਸੰਪਰਕ ਕਰੋ

# ਵੋਟ ਕਿਵੇਂ ਪਾਓ

## ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ

**ਵੋਟਾਂ ਪੈਣ ਦੀ ਥਾਂ ਅਤੇ ਵੋਟਿੰਗ ਦੇ ਸਮੇਂ ਦਾ ਪਤਾ ਲਾਓ:**

- **punjabi.nycvotes.org** 'ਤੇ ਜਾਓ
- NYC ਚੋਣ ਬੋਰਡ (Board of Elections) ਨੂੰ **866-VOTE-NYC (866-868-3692)** ਜਾਂ **TTY 212-487- 5496** 'ਤੇ ਕਾੱਲ ਕਰੋ।

---

## ਚੋਣ-ਦਿਵਸ

ਚੋਣ-ਦਿਵਸ 'ਤੇ 27 ਜੂਨ ਨੂੰ ਸਵੇਰੇ 6:00 ਵਜੇ ਤੋਂ ਰਾਤੀਂ 9:00 ਵਜੇ ਤੱਕ ਵੋਟ ਪਾਉਣ ਵਾਲੀਆਂ ਥਾਵਾਂ ਖੁੱਲ੍ਹੀਆਂ ਹਨ। ਤੁਹਾਨੂੰ ਆਪਣੀ ਮਿੱਥੀ ਹੋਈ ਵੋਟਾਂ ਪੈਣ ਦੀ ਥਾਂ 'ਤੇ ਹੀ ਵੋਟ ਪਾਉਣੀ ਚਾਹੀਦੀ ਹੈ।

ਵੋਟਾਂ ਪੈਣ ਦੀ ਥਾਂ ਬਦਲ ਸਕਦੀ ਹੈ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਪਤਾ ਲਾਉਣਾ ਯਕੀਨੀ ਬਣਾਓ!

---

## ਅਗਾਊਂ ਵੋਟਿੰਗ

ਤੁਸੀਂ ਚੋਣ-ਦਿਵਸ ਤੋਂ ਪਹਿਲਾਂ ਆਪ ਜਾਕੇ ਅਗਾਊਂ ਵੋਟ ਪਾ ਸਕਦੇ ਹੋ!

**ਕੀ ਪਤਾ ਹੋਣਾ ਚਾਹੀਦਾ ਹੈ**

- ਤੁਹਾਡੀ ਅਗਾਊਂ ਵੋਟਿੰਗ ਦੀ ਥਾਂ ਨਿਰਧਾਰਿਤ ਹੈ, ਇਸ ਗੱਲ ਦੀ ਸੰਭਾਵਨਾ ਹੈ ਕਿ ਉਹ ਤੁਹਾਡੀ ਚੋਣ-ਦਿਵਸ ਵਾਲੀ ਵੋਟਾਂ ਪੈਣ ਦੀ ਥਾਂ ਤੋਂ ਵੱਖਰੀ ਹੋ ਸਕਦੀ ਹੈ।
- ਰੋਜ਼ ਸਮੇਂ ਅਲੱਗ-ਅਲੱਗ ਹੁੰਦੇ ਹਨ, ਇਸ ਲਈ ਘਰੋਂ ਚੱਲਣ ਤੋਂ ਪਹਿਲਾਂ ਆਪਣੀ ਵੋਟਾਂ ਪੈਣ ਦੀ ਥਾਂ ਪੁਸ਼ਟੀ ਕਰਨਾ ਯਕੀਨੀ ਬਣਾਓ।

**ਅਗਾਊਂ ਵੋਟਿੰਗ ਦੀਆਂ ਤਾਰੀਖ਼ਾਂ**

ਸ਼ਨਿਚਰਵਾਰ, 17 ਜੂਨ ਤੋਂ ਐਤਵਾਰ, 25 ਜੂਨ।

---

## ਡਾਕ ਰਾਹੀਂ ਵੋਟ

ਜੇ ਤੁਹਾਡਾ ਕੋਈ ਜਾਇਜ਼ ਕਾਰਣ ਹੈ, ਜਿਵੇਂ ਚੋਣ-ਦਿਵਸ 'ਤੇ ਨਿਊਯਾਰਕ ਤੋਂ ਦੂਰ ਹੋ ਜਾਂ ਬਿਮਾਰੀ ਜਾਂ ਸਰੀਰਕ ਅਸਮਰੱਥਾ (ਅਪੰਗਤਾ) ਹੈ, ਤਾਂ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

ਤੁਹਾਡੀ ਆੱਨਲਾਈਨ ਵੋਟ-ਪਰਚੀ ਜਾਂ ਡਾਕ ਰਾਹੀਂ ਤੁਹਾਡੀ ਬੇਨਤੀ ਪ੍ਰਾਪਤ ਕਰਨ ਲਈ ਚੋਣ ਬੋਰਡ (Board of Elections) ਲਈ ਅੰਤਮ-ਤਾਰੀਖ਼ 12 ਜੂਨ ਹੈ।

ਜੇ ਤੁਹਾਡਾ ਡਾਕ ਰਾਹੀਂ ਵੋਟ ਪਾਉਣ ਦਾ ਪਲਾਨ ਹੈ, ਤਾਂ ਸਿਰਫ਼ ਗੈਰਹਾਜ਼ਰ ਬੈਲਟ ਦੀ ਬੇਨਤੀ ਕਰੋ। ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਵੇਗੀ।

**ਤੁਸੀਂ ਆਪਣੀ ਗੈਰਹਾਜ਼ਰ ਬੈਲਟ ਲਈ ਕਿਵੇਂ ਬੇਨਤੀ ਕਰੋ:**

- **nycabsentee.com** 'ਤੇ ਜਾਓ।
- ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ NYC ਚੋਣ ਬੋਰਡ (Board of Elections) ਨੂੰ **866-VOTE-NYC (866-868-3692)** ਜਾਂ **TTY 212-487-5496** 'ਤੇ ਕਾੱਲ ਕਰੋ।
- ਆਪਣੇ ਸਥਾਨਕ NYC ਚੋਣ ਬੋਰਡ (Board of Elections) ਦੇ ਦਫ਼ਤਰ ਵਿਖੇ ਜਾਓ। ਨਿਜੀ ਤੌਰ 'ਤੇ ਆਪਣੀ ਬੇਨਤੀ ਸਬਮਿਟ ਕਰਨ ਦੀ ਅੰਤਮ-ਤਾਰੀਖ਼ 26 ਜੂਨ ਹੈ।

**ਜੇ ਤੁਹਾਨੂੰ ਘੱਟ ਦਿਸਦਾ ਹੈ ਜਾਂ ਅਸਮਰੱਥ (ਅਪੰਗ) ਹੋ।**

ਸਕ੍ਰੀਨ ਰੀਡਰ ਨਾਲ ਆਪਣੀ ਵੋਟ-ਪਰਚੀ ਪੜ੍ਹਣ ਲਈ, ਤੁਸੀਂ **nycabsentee.com/accessibility** 'ਤੇ ਜਾਂ ਉੱਪਰ ਦਿੱਤੇ ਨੰਬਰ 'ਤੇ ਕਾੱਲ ਕਰਕੇ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ।

**ਆਪਣੀ ਵੋਟ-ਪਰਚੀ ਟ੍ਰੈਕ ਕਰਨੀ**

ਤੁਸੀਂ **nycabsentee.com/tracking** 'ਤੇ NYC ਚੋਣ ਬੋਰਡ (Board of Elections) ਤੋਂ ਆਪਣੀ ਵੋਟ-ਪਰਚੀ ਟ੍ਰੈਕ ਕਰ ਸਕਦੇ ਹੋ।

# ਆਪਣੀ ਵੋਟਾਂ ਪੈਣ ਦੀ ਥਾਂ 'ਤੇ ਕੀ ਉਮੀਦ ਕਰੋ

## ਪਹੁੰਚਣ ਵੇਲੇ ਚੈਕ ਇਨ ਕਰੋ

ਜਦੋਂ ਤੁਸੀਂ ਅੰਦਰ ਜਾਂਦੇ ਹੋ, ਤਾਂ ਇੱਕ ਚੋਣ ਵਰਕਰ ਤੁਹਾਨੂੰ ਦਰਸਾਏਗਾ ਕਿ ਤੁਸੀਂ ਕਿੱਥੇ ਸਾਈਨ ਇਨ ਕਰਨਾ ਹੈ। ਉਹ ਤੁਹਾਡੇ ਬਾਰੇ ਰਜਿਸਟਰਡ ਵੋਟਰਾਂ ਦੀ ਸੂਚੀ ਵਿੱਚ ਵੇਖੇਗਾ ਅਤੇ ਤੁਹਾਨੂੰ ਵੋਟ-ਪਰਚੀ ਸੌਂਪਣ ਤੋਂ ਪਹਿਲਾਂ ਤੁਹਾਡੇ ਦਸਤਖ਼ਤ ਦੀ ਜਾਂਚ ਕਰੇਗਾ।

**ਸੁਝਾਅ: ਜੇ ਤੁਹਾਨੂੰ ਚੋਣ ਬੋਰਡ (Board of Elections) ਡਾਕ ਰਾਹੀਂ ਫ਼ਾਸਟ ਪਾਸ (Fast Pass) ਮਿਲਦਾ ਹੈ, ਤਾਂ ਤੇਜ਼ੀ ਨਾਲ ਚੈਕ ਇਨ ਕਰਨ ਲਈ ਇਸ ਨੂੰ ਆਪਣੇ ਨਾਲ ਲਿਆਓ!**

*ਵੋਟ ਪਾਉਣ ਲਈ ਤੁਹਾਨੂੰ ID ਵਿਖਾਉਣ ਦੀ ਲੋੜ ਨਹੀਂ ਹੈ, ਜਦ ਤੱਕ ਕਿ ਤੁਸੀਂ ਪਹਿਲੀ ਵਾਰੀ ਦੇ ਵੋਟਰ ਹੋ, ਜਿਸਨੇ ਵੋਟ ਪਾਉਣ ਲਈ ਰਜਿਸਟਰ ਕਰਨ ਵੇਲੇ DMV ਜਾਂ ਸੋਸ਼ਲ ਸਿਕਿਓਰਿਟੀ ਨੰਬਰ ਨਹੀਂ ਵਿਖਾਇਆ ਸੀ।

## ਆਪਣੀ ਵੋਟ-ਪਰਚੀ ਭਰੋ

ਆਪਣੀ ਪਸੰਦ ਦੇ ਬਿਲਕੁਲ ਸਾਹਮਣੇ ਅੰਡਾਕਾਰ ਥਾਂ ਪੂਰੀ ਤਰ੍ਹਾਂ ਭਰਕੇ ਆਪਣੀ ਵੋਟ-ਪਰਚੀ 'ਤੇ ਨਿਸ਼ਾਨ ਲਾਓ। ਜਦੋਂ ਤੁਸੀਂ ਸਿਟੀ ਕੌਂਸਲ ਲਈ ਵੋਟ ਪਾਉਂਦੇ ਹੋ, ਤਾਂ ਤੁਸੀਂ ਸਿਰਫ਼ ਇੱਕ ਉਮੀਦਵਾਰ ਨੂੰ ਚੁਣਨ ਦੀ ਥਾਂ ਪੰਜ ਤਰਜੀਹਾਂ ਤੱਕ ਰੈਂਕ ਦੇ ਸਕਦੇ ਹੋ।

ਜੇ ਤੁਹਾਡੇ ਤੋਂ ਕੋਈ ਗ਼ਲਤੀ ਹੋ ਗਈ ਹੈ ਜਾਂ ਆਪਣੀ ਵੋਟ-ਪਰਚੀ ਬਾਰੇ ਸੁਆਲ ਹੈ, ਤਾਂ ਤੁਸੀਂ ਮਦਦ ਲਈ ਪੋਲ ਵਰਕਰ ਨੂੰ ਪੁੱਛ ਸਕਦੇ ਹੋ!

*ਆਪਣੀ ਵੋਟ-ਪਰਚੀ ਦੇ ਦੋਹਾਂ ਪਾਸੇ ਨਿਸ਼ਾਨ ਲਾਉਣਾ ਯਾਦ ਰੱਖੋ, ਤਾਂ ਜੋ ਤੁਹਾਡੇ ਤੋਂ ਕੁਝ ਖੁੰਝ ਨਾ ਜਾਏ।

## ਆਪਣੀ ਵੋਟ-ਪਰਚੀ ਸਕੈਨ ਕਰੋ

ਤੁਹਾਡੀ ਵੋਟ-ਪਰਚੀ ਭਰਦਿਆਂ ਸਾਰ ਹੀ, ਸਕੈਨਰ ਵਿੱਚ ਤੁਹਾਡੀ ਵੋਟ-ਪਰਚੀ ਪਾਉਣ ਲਈ ਇੱਕ ਪੋਲ ਵਰਕਰ ਤੁਹਾਡੀ ਮਦਦ ਕਰੇਗਾ। ਤੁਹਾਡੀ ਵੋਟ ਅੰਦਰ ਜਾਣ 'ਤੇ ਸਕੈਨਰ ਤੁਹਾਨੂੰ ਦੱਸੇਗਾ।

## ਆਪਣਾ ਸਟਿੱਕਰ ਪ੍ਰਾਪਤ ਕਰੋ

ਆਪਣਾ ਸਟਿੱਕਰ ਲਓ! ਇਸ ਨੂੰ ਲਾਓ, ਦਰਸਾਓ ਅਤੇ ਯਕੀਨੀ ਬਣਾਓ ਕਿ ਤੁਹਾਡੇ ਦੋਸਤ ਅਤੇ ਪਰਿਵਾਰ ਦੀ ਵੋਟ ਪਾਉਣ ਦਾ ਪਲਾਨ ਬਣਾ ਰਿਹਾ ਹੈ।

# ਇੱਕ ਵੋਟਰ ਦੇ ਤੌਰ 'ਤੇ ਮੇਰੇ ਕੀ ਹੱਕ ਹਨ?

## ਆਮ ਚੋਣ ਵਿੱਚ ਤੁਹਾਨੂੰ ਵੋਟ ਕਰਨ ਦਾ ਹੱਕ ਹੈ, ਜੇ:

- ਤੁਸੀਂ ਇੱਕ ਅਜਿਹੀ ਪਾਰਟੀ ਦੇ ਰਜਿਸਟਰਡ ਵੋਟਰ ਹੋ, ਜੋ ਤੁਹਾਡੀ ਡਿਸਟ੍ਰਿਕਟ ਵਿੱਚ ਪ੍ਰਮੁੱਖ ਚੋਣ ਕਰਾ ਰਹੀ ਹੈ।
- ਬੰਦ ਹੋਣ ਸਮੇਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਾਈਨ ਵਿੱਚ ਹੋ।

## ਜੇ ਕੋਈ ਚੋਣ ਹੈ, ਤਾਂ ਤੁਹਾਨੂੰ ਹੱਕ ਹੈ:

- ਜੇ ਤੁਹਾਨੂੰ ਭਾਸ਼ਾ ਵਿੱਚ ਮਦਦ ਦੀ ਲੋੜ ਹੈ, ਤਾਂ ਮਦਦ ਲਈ ਇੱਕ ਚੋਣ ਵਰਕਰ ਜਾਂ ਦੁਭਾਸ਼ੀਏ ਲਈ ਪੁੱਛੋ। ਦੁਭਾਸ਼ੀਏ ਬਾਰੇ ਹੋਰ ਜਾਣਕਾਰੀ ਲਈ ਸੁਣਨ ਵਿੱਚ ਦਿੱਕਤ ਵਾਲਿਆਂ ਲਈ **866-VOTE-NYC (866-868-3692)** ਜਾਂ **TTY 212-487-5496** 'ਤੇ ਕਾੱਲ ਕਰੋ।
- ਵੋਟ ਪਾਉਣ ਵਿੱਚ ਮਦਦ ਲਈ ਆਪਣੇ ਨਾਲ (ਆਪਣੇ ਰੋਜ਼ਗਾਰਦਾਤਾ ਜਾਂ ਯੂਨੀਅਨ ਦੇ ਨੁਮਾਇੰਦੇ ਨੂੰ ਛੱਡਕੇ) ਕਿਸੇ ਨੂੰ ਲਿਆਓ।
- ਆਪਣੇ ਨਾਲ ਸਮਗ੍ਰੀ ਲਿਆਓ, ਇਸ ਵਿੱਚ ਵੋਟਰ ਗਾਈਡ ਸ਼ਾਮਿਲ ਹੈ।
- ਭਾਵੇਂ ਵੋਟਿੰਗ ਮਸ਼ੀਨ ਟੁੱਟੀ ਹੋਈ ਹੈ, ਫਿਰ ਵੀ ਵੋਟ ਪਾਓ।
- ਜੇ ਤੁਹਾਡੀ ਵੋਟਾਂ ਪੈਣ ਦੀ ਥਾਂ 'ਤੇ ਵੋਟਰਾਂ ਦੀ ਸੂਚੀ ਵਿੱਚ ਤੁਹਾਡਾ ਨਾਂ ਨਹੀਂ ਹੈ, ਤਾਂ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਓ।
- ਅਸਾਨੀ ਨਾਲ ਪਹੁੰਚਣ ਵਾਲੀ ਪੋਲਿੰਗ ਦੀ ਥਾਂ, ਜਿਸ ਵਿੱਚ ਸਰੀਰਕ ਅੜਿੱਕੇ ਨਹੀਂ ਹਨ।
- ਆਪਣੀ ਵੋਟ-ਪਰਚੀ ਪਾਉਣ ਲਈ ਪਹੁੰਚਯੋਗ ਵੋਟਿੰਗ ਮਸ਼ੀਨ ਦੀ ਵਰਤੋਂ ਕਰੋ।
- ਆਪਣੀ ਸਮਰੱਥਾ ਜਾਂ ਅਸਮਰੱਥਾ (ਅਪੰਗਤਾ)ਦੀ ਪਰਵਾਹ ਕੀਤੇ ਬਿਨਾ ਵੋਟ ਪਾਓ।

## ਫ਼ੌਜਦਾਰੀ ਜਾਂ ਸੰਗੀਨ ਜੁਰਮ ਦੀ ਸਜ਼ਾ ਵਾਲੇ ਲੋਕਾਂ ਲਈ ਵੋਟਿੰਗ ਦੇ ਹੱਕ:

- ਛੋਟੇ ਜੁਰਮ ਅਤੇ ਸਜ਼ਾ ਦੀ ਉਲੰਘਣਾ ਤੁਹਾਨੂੰ ਵੋਟ ਪਾਉਣ ਤੋਂ ਨਹੀਂ ਰੋਕਦੀ, ਭਾਵੇਂ ਤੁਸੀਂ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹੋ।
- ਜੇ ਇਸ ਸਮੇਂ ਤੁਸੀਂ ਸੰਗੀਨ ਜੁਰਮ ਦੀ ਸਜ਼ਾ ਕਰਕੇ ਜੇਲ੍ਹ ਵਿੱਚ ਬੰਦ ਹੋ, ਤਾਂ ਤੁਸੀਂ ਵੋਟ ਨਹੀਂ ਪਾ ਸਕਦੇ। ਹਾਲਾਂਕਿ, ਜੇ ਤੁਹਾਨੂੰ ਸੰਗੀਨ ਜੁਰਮ ਕਰਕੇ ਸਜ਼ਾ ਹੋਈ ਹੈ ਅਤੇ ਤੁਹਾਡੀ ਸਜ਼ਾ ਰੱਦ ਕਰ ਦਿੱਤੀ ਗਈ ਹੈ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਹਾਨੂੰ ਸੰਗੀਨ ਜ਼ੁਰਮ ਦੀ ਸਜ਼ਾ ਹੋਈ ਅਤੇ ਤੁਸੀਂ ਜੇਲ੍ਹ ਤੋਂ ਰਿਹਾ ਹੋ ਗਏ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ। ਹਾਲਾਂਕਿ, ਤੁਹਾਨੂੰ ਫਿਰ ਤੋਂ ਵੋਟ ਪਾਉਣ ਲਈ ਰਜਿਸਟਰ ਕਰਨਾ ਚਾਹੀਦਾ ਹੈ।
- ਜੇ ਤੁਹਾਨੂੰ ਫ਼ੈਡਰਲ ਸੰਗੀਨ ਜੁਰਮ ਦੀ ਸਜ਼ਾ ਹੋਈ ਹੈ ਜਾਂ ਕਿਸੇ ਹੋਰ ਸਟੇਟ ਵਿੱਚ ਸੰਗੀਨ ਜੁਰਮ ਦੀ ਸਜ਼ਾ ਹੋਈ ਹੈ, ਤਾਂ ਤੁਸੀਂ ਅਜੇ ਵੀ ਰਜਿਸਟ੍ਰੇਸ਼ਨ ਕਰਾ ਸਕਦੇ ਹੋ ਅਤੇ ਨਿਊਯਾਰਕ ਵਿੱਚ ਵੋਟ ਪਾ ਸਕਦੇ ਹੋ।
- ਜੇ ਤੁਸੀਂ ਇਸ ਸਮੇਂ ਪ੍ਰੋਬੇਸ਼ਨ ਜਾਂ ਪੈਰੋਲ 'ਤੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।
- ਜੇ ਤੁਸੀਂ ਇਸ ਸਮੇਂ ਛੋਟੇ ਜੁਰਮ ਕਰਕੇ ਜੇਲ੍ਹ ਵਿੱਚ ਹੋ ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਤੁਸੀਂ ਵੋਟ ਪਾ ਸਕਦੇ ਹੋ।

## ਜੇ ਤੁਹਾਨੂੰ ਮਦਦ ਚਾਹੀਦੀ ਹੈ, ਕਿਸ ਨਾਲ ਸੰਪਰਕ ਕਰੋ:

- ਜੇ ਤੁਹਾਡੀ ਵੋਟਾਂ ਪੈਣ ਦੀ ਥਾਂ 'ਤੇ ਕੋਈ ਮਸਲਾ ਹੈ, ਤਾਂ ਪੋਲ ਵਰਕਰ ਨੂੰ ਦੱਸੋ ਜਾਂ **866-VOTE-NYC (866-868-3692)** ਜਾਂ **TTY 212-487-5496** 'ਤੇ NYC ਚੋਣ ਬੋਰਡ (Board of Elections) ਨਾਲ ਸੰਪਰਕ ਕਰੋ।
- ਜੇ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਸਿਖਲਾਈਪ੍ਰਾਪਤ ਚੋਣ ਪ੍ਰੋਟੈਕਸ਼ਨ ਵਾੱਲੰਟੀਅਰ ਨਾਲ ਗੱਲ ਕਰਨ ਲਈ ਇਲੈਕਸ਼ਨ ਪ੍ਰੋਟੈਕਸ਼ਨ ਹਾੱਟਲਾਈਨ 'ਤੇ ਕਾੱਲ ਕਰੋ ਅਤੇ **866-OUR-VOTE (866-687-8683)** 'ਤੇ ਮੁਫ਼ਤ ਕਾਨੂੰਨੀ ਮਦਦ ਲਓ।
- **(866) 390-2992** 'ਤੇ ਕਾੱਲ ਕਰਕੇ ਨਿਊਯਾਰਕ ਅਟਾੱਰਨੀ ਜਨਰਲ ਨਾਲ ਸ਼ਿਕਾਇਤ ਸਾਂਝੀ ਕਰੋ ਜਾਂ **ag.ny.gov/election-hotline** 'ਤੇ ਜਾਓ।

# ਪਹੁੰਚਯੋਗਤਾ

ਨਿਊਯਾਰਕ ਦੇ ਹਰ ਇੱਕ ਵੋਟਰ ਨੂੰ ਨਿਜੀ ਤੌਰ 'ਤੇ ਅਤੇ ਸੁਤੰਤਰ ਤੌਰ 'ਤੇ ਵੋਟ ਪਾਉਣੀ ਨਾਲ ਵੋਟ-ਪਰਚੀ ਦਾ ਹੱਕ ਹੈ। ਜੇ ਤੁਹਾਨੂੰ ਅਸਮਰੱਥਾ (ਅਪੰਗਤਾ) ਜਾਂ ਅੰਗ੍ਰੇਜ਼ੀ ਦੀ ਸੀਮਤ ਮੁਹਾਰਤ ਕਰਕੇ ਆਪਣੀ ਵੋਟ-ਪਰਚੀ ਭਰਨ ਵਿੱਚ ਮਦਦ ਚਾਹੀਦੀ ਹੈ, ਤਾਂ ਮਦਦ ਉਪਲਬਧ ਹੈ।

## ਪਹੁੰਚਯੋਗ ਗੈਰਹਾਜ਼ਰ ਬੈਲਟ

ਜੇ ਤੁਹਾਨੂੰ ਦਿਸਦਾ ਨਹੀਂ ਹੈ ਜਾਂ ਤੁਸੀਂ ਵੋਟ-ਪਰਚੀ 'ਤੇ ਨਿਸ਼ਾਨ ਨਹੀਂ ਲਾ ਸਕਦੇ, ਤਾਂ ਤੁਸੀਂ ਅਜੇ ਵੀ ਡਾਕ ਰਾਹੀਂ ਵੋਟ ਪਾ ਸਕਦੇ ਹੋ। ਤੁਸੀਂ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ, ਜਿਸ ਨੂੰ ਸਕ੍ਰੀਨ ਰੀਡਰ ਰਾਹੀਂ ਜਾਂ ਕੰਪਿਊਟਰ ਦੀ ਵਰਤੋਂ ਭਰਕੇ ਪੜ੍ਹਿਆ ਜਾ ਸਕਦਾ ਹੈ। ਇੱਕ ਪਹੁੰਚਯੋਗ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਨ ਵਾਸਤੇ: **nycabsentee.com/accessibility** 'ਤੇ ਜਾਓ ਜਾਂ ਸੁਣਨ ਵਿੱਚ ਦਿੱਕਤ ਵਾਲਿਆਂ ਲਈ 866-VOTE-NYC (866-868-3692) ਜਾਂ TTY 212-487-5496 'ਤੇ ਕੱਲ ਕਰੋ।

## ਭਾਸ਼ਾ ਅਤੇ ਦੁਭਾਸ਼ੀਆ ਸੇਵਾ

ਸ਼ਹਿਰ ਭਰ ਵਿੱਚ ਕਈ ਵੋਟਾਂ ਪੈਣ ਦੀ ਥਾਂ 'ਤੇ ਦੁਭਾਸ਼ੀਏ ਮਿਲਦੇ ਹਨ। ਤੁਹਾਨੂੰ ਆਪਣੇ ਨਾਲ ਕਿਸੇ ਨੂੰ ਲਿਆਉਣ ਦਾ ਹੱਕ ਹੈ, ਇਸ ਵਿੱਚ ਤੁਹਾਨੂੰ ਤੁਹਾਡੀ ਵੋਟ-ਪਰਚੀ ਬਾਰੇ ਸਮਝਣ ਵਿੱਚ ਮਦਦ ਲਈ ਪਰਿਵਾਰ ਦਾ ਮੈਂਬਰ, ਦੋਸਤ ਜਾਂ ਦੁਭਾਸ਼ੀਏ ਸ਼ਾਮਿਲ ਹੁੰਦਾ ਹੈ।

ਤੁਸੀਂ **punjabi.nycvotes.org/accessibility** 'ਤੇ ਜਾਕੇ ਉਹਨਾਂ ਵੋਟਾਂ ਪੈਣ ਦੀ ਥਾਂ ਬਾਰੇ ਜਾਣ ਸਕਦੇ ਹੋ, ਜਿੱਥੇ ਦੁਭਾਸ਼ੀਏ ਉਪਲਬਧ ਕਰਾਏ ਜਾਂਦੇ ਹਨ। ਤੁਸੀਂ 866-VOTE-NYC (866-868-3692) 'ਤੇ ਵੀ ਕੱਲ ਕਰ ਸਕਦੇ ਹੋ।

## ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲ਼ੀ ਡਿਵਾਈਸ

ਵੋਟਰਾਂ ਲਈ ਬਿਹਤਰ ਪਹੁੰਚਯੋਗਤਾ ਮੁਹੱਈਆ ਕਰਾਉਣ ਲਈ ਵੋਟਾਂ ਪੈਣ ਦੀਆਂ ਸਾਰੀਆਂ ਥਾਵਾਂ 'ਤੇ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਾਲੇ ਡਿਵਾਈਸ (BMD) ਉਪਲਬਧ ਹਨ, ਇਹਨਾਂ ਵੋਟਰਾਂ ਵਿੱਚ ਨੇਤਰਹੀਣ, ਜਿਹਨਾਂ ਨੂੰ ਘੱਟ ਨਜ਼ਰ ਆਉਂਦਾ ਹੈ ਜਾਂ ਅਸਮਰੱਥਾ (ਅਪੰਗਤਾ) ਹਨ ਜਾਂ ਅਜਿਹੀ ਸਥਿਤੀ ਹੈ, ਜਿਸ ਕਰਕੇ ਉਹਨਾਂ ਨੂੰ ਪੈਨ ਨਾਲ ਵੋਟ-ਪਰਚੀ 'ਤੇ ਨਿਸ਼ਾਨ ਲਾਉਣ ਵਿੱਚ ਮੁਸ਼ਕਿਲ ਜਾਂ ਦਿੱਕਤ ਹੁੰਦੀ ਹੈ, ਸ਼ਾਮਿਲ ਹਨ

ਜੇ ਤੁਸੀਂ BMD ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਸਿਰਫ਼ ਆਪਣੇ ਪੋਲ ਵਰਕਰ ਨੂੰ ਕਹੋ। ਤੁਸੀਂ ਡਿਸਪਲੇ ਸਕ੍ਰੀਨ 'ਤੇ ਵੋਟ-ਪਰਚੀ ਵੇਖਣ ਲਈ ਇਸਦੀ ਵਰਤੋਂ ਕਰ ਸਕਦੇ ਹੋ, ਇਸਨੂੰ ਹੋਰਨਾਂ ਭਾਸ਼ਾਵਾਂ ਵਿੱਚ ਅਨੁਵਾਦ ਕਰ ਸਕਦੇ ਹੋ ਜਾਂ ਹੈਡਫੋਨ ਰਾਹੀਂ ਆਪਣੀ ਪਸੰਦ ਸੁਣ ਸਕਦੇ ਹੋ।

## ਡਿਵਾਈਸ ਤੁਹਾਡੀ ਵੋਟ-ਪਰਚੀ 'ਤੇ ਚਾਰ ਤਰ੍ਹਾਂ ਨਾਲ ਨਿਸ਼ਾਨ ਲਾਉਂਦੀ ਹੈ:


ਟੱਚ ਸਕ੍ਰੀਨ


ਕੀਪੈਡ (ਬ੍ਰੇਲ)


ਸਿਪ ਐਂਡ ਪਫ਼ ਡਿਵਾਈਸ



ਰੱਕਰ ਪੈਡਲ

- ਤੁਸੀਂ ਟੈਕਸਟ ਵੱਡੀ ਕਰਨ ਲਈ "ZOOM IN" ("ਜ਼ੂਮ ਇਨ") ਕਰ ਸਕਦੇ ਹੋ, ਅਤੇ ਟੈਕਸਟ ਨੂੰ ਮੂਲ ਅਕਾਰ ਵਿੱਚ ਵਾਪਸ ਲਿਆਉਣ ਲਈ "ZOOM OUT" ("ਜ਼ੂਮ ਆਉਟ") ਕਰ ਸਕਦੇ ਹੋ ਜਾਂ ਵੋਟ-ਪਰਚੀ ਨੂੰ ਕਾਲੇ ਪਿਛੋਕੜ 'ਤੇ ਚਿੱਟੀ ਟੈਕਸਟ ਵਿੱਚ ਡਿਸਪਲੇ ਕਰਨ ਲਈ "HIGH CONTRAST" ("ਹਾਈ ਕੰਟ੍ਰਾਸਟ") ਚੁਣੋ।
- ਤੁਸੀਂ ਹੈਡਫੋਨ 'ਤੇ ਆੱਡੀਓ ਵੀ ਦੁਹਰਾ ਸਕਦੇ ਹੋ ਅਤੇ ਰਫ਼ਤਾਰ ਅਤੇ ਅਵਾਜ਼ ਐਡਜਸਟ ਕਰ ਸਕਦੇ ਹੋ।
- ਯਾਦ ਰੱਖੋ! ਜਦ ਤੱਕ ਤੁਸੀਂ ਨਿਸ਼ਾਨ ਲੱਗੀ ਵੋਟ-ਪਰਚੀ ਸਕੈਨਰ ਵਿੱਚ ਨਹੀਂ ਪਾਉਂਦੇ ਅਤੇ ਆਪਣੀ ਵੋਟ ਪਾ ਦਿੰਦੇ ਹੋ, ਤਾਂ ਤੁਹਾਡੀ ਚੋਣ ਅੰਤਮ ਨਹੀਂ ਮੰਨੀ ਜਾਂਦੀ।
- ਜੇ ਤੁਸੀਂ ਸਕੈਨਰ ਵਿੱਚ ਆਪਣੀ ਵੋਟ-ਪਰਚੀ ਅੰਦਰ ਕਰਨ ਲਈ ਮਦਦ ਚਾਹੁੰਦੇ ਹੋ, ਤਾਂ ਪੋਲ ਵਰਕਰ ਤੁਹਾਡੀ ਮਦਦ ਕਰੇਗਾ।

# ਸੈਂਪਲ ਤਰਜੀਹੀ ਵੋਟ-ਪਰਚੀ

ਸੈਂਪਲ ਵੋਟ-ਪਰਚੀ ਸਿਰਫ਼ ਡਿਸਪਲੇ ਲਈ ਹੈ। ਇਹ ਅਸਲ ਵੋਟ-ਪਰਚੀ ਨਹੀਂ ਹੈ ਅਤੇ ਇਸ ਨੂੰ ਭਰਨ ਨਾਲ ਹੀ ਤੁਹਾਡੀ ਵੋਟ ਨਹੀਂ ਗਿਣੀ ਜਾਏਗੀ।

| Rank up to 5 choices<br>Mark no more than 1 oval in each column<br><br>Clasifique hasta 5 opciones<br>Marque no más de un óvalo en cada columna | | Choice Opción 1st | Choice Opción 2nd | Choice Opción 3rd | Choice Opción 4th | Choice Opción 5th |
|---|---|---|---|---|---|---|
| **Candidate A**<br>Party Name | A | ⬭ | ⬭ | ⬭ | ⬭ | ⬭ |
| **Candidate B**<br>Party Name | B | ⬭ | ⬭ | ⬭ | ⬭ | ⬭ |
| **Candidate C**<br>Party Name | C | ⬭ | ⬭ | ⬭ | ⬭ | ⬭ |
| **Candidate D**<br>Party Name | D | ⬭ | ⬭ | ⬭ | ⬭ | ⬭ |
| **Candidate E**<br>Party Name | E | ⬭ | ⬭ | ⬭ | ⬭ | ⬭ |
| **Candidate F**<br>Party Name | F | ⬭ | ⬭ | ⬭ | ⬭ | ⬭ |
| **Candidate G**<br>Party Name | G | ⬭ | ⬭ | ⬭ | ⬭ | ⬭ |
| **Candidate H**<br>Party Name | H | ⬭ | ⬭ | ⬭ | ⬭ | ⬭ |
| **Candidate I**<br>Party Name | I | ⬭ | ⬭ | ⬭ | ⬭ | ⬭ |
| **Candidate J**<br>Party Name | J | ⬭ | ⬭ | ⬭ | ⬭ | ⬭ |
| Write-in<br>candidato por escrito | | ⬭ | ⬭ | ⬭ | ⬭ | ⬭ |

## ਮੇਰੀਆਂ ਮੁੱਖ ਤਰਜੀਹਾਂ

ਸਿਟੀ ਕੌਂਸਲ ਲਈ ਆਪਣੀਆਂ ਮੁੱਖ ਤਰਜੀਹਾਂ ਦੀ ਸੂਚੀ ਬਣਾਉਣ ਲਈ ਇਸ ਪੰਨੇ ਦੀ ਵਰਤੋਂ ਕਰੋ। ਤੁਸੀਂ ਆਪਣੀ ਵੋਟ-ਪਰਚੀ ਭਰਨ ਵੇਲੇ ਇਸ ਨੂੰ ਹਵਾਲੇ ਵਜੋਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਲਿਜਾ ਸਕਦੇ ਹੋ।

### ਸਿਟੀ ਕੌਂਸਲ

| |
|---|
| ਪਹਿਲਾ/ਪਹਿਲੀ (1st) |
| ਦੂਜਾ/ਦੂਜੀ (2nd) |
| ਤੀਜਾ/ਤੀਜੀ (3rd) |
| ਚੌਥਾ/ਚੌਥੀ (4th) |
| ਪੰਜਵਾਂ/ਪੰਜਵੀਂ (5th) |

**ਯਾਦ ਰੱਖੋ! ਤੁਹਾਡੀ ਪਾਰਟੀ ਅਤੇ ਜਿੱਥੇ ਤੁਸੀਂ ਰਹਿੰਦੇ ਹੋ, 'ਤੇ ਨਿਰਭਰ ਕਰਦਿਆਂ ਤੁਹਾਡੀ ਵੋਟ-ਪਰਚੀ 'ਤੇ ਹੋਰ ਦਫ਼ਤਰ ਹੋ ਸਕਦੇ ਹਨ।**

ਤੁਸੀਂ **findmypollsite.vote.nyc** 'ਤੇ ਚੋਣ ਬੋਰਡ (Board of Elections) ਤੋਂ ਆਪਣੀ ਵੋਟ-ਪਰਚੀ ਦੇ ਸੈਂਪਲ ਦਾ ਜਾਇਜ਼ਾ ਲੈ ਸਕਦੇ ਹੋ।

# ਤਰਜੀਹੀ ਵੋਟਿੰਗ

NYC ਸ਼ਹਿਰੀ ਦਫ਼ਤਰਾਂ ਲਈ ਪ੍ਰਮੁੱਖ ਅਤੇ ਖ਼ਾਸ ਚੋਣਾਂ ਵਿੱਚ **ਤਰਜੀਹੀ ਵੋਟਿੰਗ** ਦੀ ਵਰਤੋਂ ਕਰਦੀ ਹੈ। ਤਰਜੀਹੀ ਵੋਟਿੰਗ ਨਾਲ, ਸਿਰਫ਼ ਇੱਕ ਉਮੀਦਵਾਰ ਨੂੰ ਚੁਣਨ ਦੀ ਥਾਂ, ਤਰਜੀਹੀ ਤਰਤੀਬ ਵਿੱਚ ਤੁਸੀਂ ਪੰਜ ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ। ਇਸ ਨਾਲ ਤੁਸੀਂ ਆਪਣੀ ਗੱਲ ਕਹਿ ਸਕਦੇ ਹੋ ਕਿ ਕੌਣ ਚੁਣਿਆ ਜਾਂਦਾ ਹੈ ਅਤੇ ਹੋਰ ਵੰਨ-ਸੁਵੰਨੇ ਉਮੀਦਵਾਰਾਂ ਦੇ ਜਿੱਤਣ ਦੀ ਰਾਹ ਖੁੱਲ੍ਹ ਸਕਦੀ ਹੈ।

### ਅਸੀਂ ਤਰਜੀਹੀ ਵੋਟਿੰਗ ਦੀ ਵਰਤੋਂ ਕਿਉਂ ਕਰ ਰਹੇ ਹਾਂ?


ਨਿਊਯਾਰਕ ਦੇ ਵਸਨੀਕਾਂ ਨੇ 2019 ਵੋਟ-ਪਰਚੀ ਦੇ ਮੁਲਾਂਕਣ ਵਿੱਚ ਤਰਜੀਹੀ ਵੋਟਿੰਗ ਦੀ ਵਰਤੋਂ ਨੂੰ ਚੁਣਿਆ ਸੀ। ਇਹ 73.5% ਹਿਮਾਇਤ ਨਾਲ ਪਾਸ ਹੋਇਆ ਹੈ।

### ਮੈਂ ਕਿਹੜੇ ਦਫ਼ਤਰਾਂ ਲਈ ਤਰਜੀਹੀ ਵੋਟਿੰਗ ਨਾਲ ਵੋਟ ਪਾਵਾਂਗਾ/ਪਾਵਾਂਗੀ?


ਤੁਸੀਂ ਇਸ ਜੂਨ ਨੂੰ ਸਿਟੀ ਕੌਂਸਲ ਲਈ ਤਰਜੀਹੀ ਵੋਟਿੰਗ ਦੀ ਵਰਤੋਂ ਕਰੋਗੇ। ਹਾਲਾਂਕਿ, ਤੁਹਾਡੀ ਵੋਟ-ਪਰਚੀ 'ਤੇ ਜੱਜਾਂ ਵਾਂਗ ਹੋਰ ਦਫ਼ਤਰ ਹੋਣ ਦੀ ਸੰਭਾਵਨਾ ਹੋਏਗੀ, ਜਿਹਨਾਂ ਵਿੱਚ ਤਰਜੀਹੀ ਵੋਟਿੰਗ ਦੀ ਵਰਤੋਂ ਨਹੀਂ ਕੀਤੀ ਜਾਏਗੀ, ਕਿਉਂਕਿ ਉਹ ਸ਼ਹਿਰੀ ਦਫ਼ਤਰ ਨਹੀਂ ਹਨ।

## ਤਰਜੀਹੀ ਵੋਟਿੰਗ ਨਾਲ ਮੈਂ ਆਪਣੀ ਵੋਟ-ਪਰਚੀ ਕਿਵੇਂ ਭਰ ਸਕਦਾ/ਸਕਦੀ ਹਾਂ?


1. ਆਪਣੀ ਪਹਿਲੀ ਪਸੰਦ ਦਾ ਉਮੀਦਵਾਰ ਚੁਣੋ ਅਤੇ ਪਹਿਲੇ ਕਾੱਲਮ ਹੇਠ ਉਸ ਦੇ ਨਾਂ ਦੇ ਐਨ ਸਾਹਮਣੇ ਅੰਡਾਕਾਰ ਥਾਂ ਭਰੋ।
2. ਜੇ ਤੁਹਾਡਾ ਦੂਜੀ ਪਸੰਦ ਦਾ ਉਮੀਦਵਾਰ ਹੈ, ਤਾਂ 2ਜੇ ਕਾੱਲਮ ਹੇਠ ਉਹਨਾਂ ਦੇ ਨਾਂ ਦੇ ਸਾਹਮਣੇ ਅੰਡਾਕਾਰ ਥਾਂ ਭਰੋ।
3. ਤੁਸੀਂ 5 ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ। ਹਾਲਾਂਕਿ, ਤੁਸੀਂ ਅਜੇ ਵੀ ਸਿਰਫ਼ ਇੱਕ ਉਮੀਦਵਾਰ ਨੂੰ ਵੋਟ ਪਾ ਸਕਦੇ ਹੋ। ਤੁਹਾਡੀ ਪਹਿਲੀ ਪਸੰਦ, ਹੋਰਨਾਂ ਉਮੀਦਵਾਰਾਂ ਦੀ ਰੈਂਕਿੰਗ ਨੂੰ ਨੁਕਸਾਨ ਨਹੀਂ ਪਹੁੰਚਾਉਂਦੀ।




ਸੈਂਪਲ ਵੋਟ-ਪਰਚੀ 'ਤੇ ਤਰਜੀਹੀ ਵੋਟਿੰਗ ਦੀ ਪ੍ਰੈਕਟਿਸ ਕਰਨ ਲਈ **punjabi.nycvotes.org/rcv-ballot** 'ਤੇ ਜਾਓ।




ਕਈ ਉਮੀਦਵਾਰਾਂ ਨੂੰ ਉਹੀ ਰੈਂਕਿੰਗ **ਨਾ** ਦਿਓ। ਜੇ ਤੁਸੀਂ ਆਪਣੀ ਪਹਿਲੀ ਪਸੰਦ ਵਜੋਂ ਇੱਕ ਤੋਂ ਵੱਧ ਉਮੀਦਵਾਰ ਚੁਣਦੇ ਹੋ, ਤਾਂ **ਤੁਹਾਡੀ ਵੋਟ-ਪਰਚੀ ਵੈਧ ਨਹੀਂ ਹੋਏਗੀ**।





ਉਮੀਦਵਾਰ ਨੂੰ ਇੱਕ ਤੋਂ ਵੱਧ ਵਾਰੀ ਰੈਂਕ **ਨਾ** ਦਿਓ। ਜੇ ਤੁਸੀਂ ਇੰਜ ਕਰਦੇ ਹੋ, ਤਾਂ ਉਹਨਾਂ ਲਈ ਸਿਰਫ਼ ਤੁਹਾਡੀ ਮੁੱਖ ਰੈਂਕਿੰਗ ਹੀ ਗਿਣੀ ਜਾਏਗੀ।


# ਤਰਜੀਹੀ ਵੋਟ-ਪਰਚੀ ਦੀ ਗਿਣਤੀ ਕਿਵੇਂ ਕੀਤੀ ਜਾਏਗੀ?

ਤਰਜੀਹੀ ਵੋਟਿੰਗ ਬਾਰੇ ਹੋਰ ਜਾਣਕਾਰੀ ਲਈ, ਤਰਜੀਹੀ ਵੋਟਿੰਗ ਵੇਖਣ ਲਈ ਪੰਨਾ 39 'ਤੇ ਅਕਸਰ ਪੁੱਛੇ ਜਾਣ ਵਾਲੇ ਸੁਆਲ ਵੇਖੋ ਜਾਂ **punjabi.nycvotes.org/rcv** 'ਤੇ ਜਾਓ।


ਜੇ ਕਿਸੇ ਉਮੀਦਵਾਰ ਨੂੰ ਪਹਿਲੀ ਪਸੰਦ ਦੀਆਂ 50% ਤੋਂ ਵੱਧ ਵੋਟਾਂ ਨਹੀਂ ਮਿਲਦੀਆਂ, ਤਾਂ ਫਿਰ ਗਿਣਤੀ ਗੇੜਾਂ ਵਿੱਚ ਜਾਰੀ ਰਹੇਗੀ।





ਜੇ ਉਮੀਦਵਾਰ ਨੂੰ ਪਹਿਲੀ-ਪਸੰਦ ਦੀਆਂ ਵੋਟਾਂ ਦਾ 50% ਤੋਂ ਵੱਧ ਮਿਲਦਾ ਹੈ, ਤਾਂ ਉਹ ਚੋਣ ਜਿੱਤ ਜਾਂਦਾ ਹੈ।




ਹਰ ਗੇੜ ਵਿੱਚ, ਸਭ ਤੋਂ ਘੱਟ ਵੋਟਾਂ ਵਾਲਾ ਉਮੀਦਵਾਰ ਬਾਹਰ ਹੋ ਜਾਂਦਾ ਹੈ। ਜੇ ਤੁਹਾਡੀ ਮੁੱਖ ਪਸੰਦ ਦਾ ਉਮੀਦਵਾਰ ਬਾਹਰ ਹੋ ਜਾਂਦਾ ਹੈ, ਤਾਂ ਤੁਹਾਡੀ ਵੋਟ, ਤੁਹਾਡੀ ਵੋਟ-ਪਰਚੀ 'ਤੇ ਅਗਲੇ ਸਭ ਤੋਂ ਉੱਚੇ ਰੈਂਕ ਵਾਲੇ ਉਮੀਦਵਾਰ ਨੂੰ ਮਿਲ ਜਾਂਦੀ ਹੈ।




ਇਹ ਅਮਲ ਸਿਰਫ਼ 2 ਉਮੀਦਵਾਰ ਰਹਿਣ ਤੱਕ ਜਾਰੀ ਰਹਿੰਦਾ ਹੈ।




**ਸਭ ਤੋਂ ਵੱਧ ਵੋਟਾਂ ਹਾਸਿਲ ਕਰਨ ਵਾਲਾ ਉਮੀਦਵਾਰ ਜਿੱਤਦਾ ਹੈ!**

# ਚੁਣੇ ਗਏ ਅਧਿਕਾਰੀ ਕੀ ਕਰਦੇ ਹਨ?

ਸਾਡੇ ਚੁਣੇ ਗਏ ਅਧਿਕਾਰੀ ਹਰ ਰੋਜ਼ ਅਜਿਹੇ ਨਿਰਣੇ ਲੈਂਦੇ ਹਨ, ਜੋ ਨੌਕਰੀਆਂ, ਰਿਹਾਇਸ਼, ਸਿੱਖਿਆ, ਸਿਹਤ ਸੰਭਾਲ, ਅਤੇ ਹੋਰ ਗੱਲਾਂ ਨੂੰ ਪ੍ਰਭਾਵਿਤ ਕਰਦੇ ਹਨ। ਆਪਣੀ ਵੋਟ-ਪਰਚੀ 'ਤੇ ਦਿੱਤੇ ਦਫ਼ਤਰਾਂ ਬਾਰੇ ਹੋਰ ਜਾਣੋ।

**ਆਪਣੀ ਡਿਸਟ੍ਰਿਕਟ ਵਿੱਚ ਆਪਣੀ ਪਾਰਟੀ ਦੇ ਉਮੀਦਵਾਰਾਂ ਦੀ ਸਭ ਤੋਂ ਨਵੀਂ ਸੂਚੀ ਵੇਖਣ ਲਈ punjabi.nycvotes.org/candidates** 'ਤੇ ਜਾਓ।

## ਸ਼ਹਿਰੀ ਦਫ਼ਤਰ

### ਸਿਟੀ ਕੌਂਸਲ

ਸਿਟੀ ਕੌਂਸਲ ਨਿਊਯਾਰਕ ਸ਼ਹਿਰ ਦੀ ਸਰਕਾਰ ਦੀ ਵਿਧਾਨਕਾਰੀ ਜਾਂ ਕਾਨੂੰਨ ਘੜਣ ਵਾਲੀ ਬ੍ਰਾਂਚ ਹੈ। ਇਸ ਵਿੱਚ 51 ਮੈਂਬਰ ਹਨ। ਆਮ ਤੌਰ 'ਤੇ ਕੌਂਸਲ ਮੈਂਬਰ 4 ਸਾਲ (ਲਗਾਤਾਰ 2 ਮਿਆਦਾਂ ਤੱਕ) ਲਈ ਸੇਵਾ ਦਿੰਦੇ ਹਨ।

- 2020 ਦੀ ਮਰਦਮਸ਼ੁਮਾਰੀ ਤੋਂ ਬਾਅਦ, ਅਬਾਦੀ ਵਿਚਲੀਆਂ ਤਬਦੀਲੀਆਂ ਦਾ ਤਾਲਮੇਲ ਕਰਨ ਲਈ ਸਿਟੀ ਕੌਂਸਲ ਦੀਆਂ ਡਿਸਟ੍ਰਿਕਟਾਂ ਨੂੰ ਫਿਰ ਤੋਂ ਤਿਆਰ ਕੀਤਾ ਗਿਆ ਸੀ। ਇਸ ਅਮਲ ਕਰਕੇ, ਇਸ ਸਾਲ ਚੁਣੇ ਗਏ ਕੌਂਸਲ ਮੈਂਬਰ ਨਵੀਆਂ ਤਿਆਰ ਕੀਤੀਆਂ ਗਈਆਂ ਡਿਸਟ੍ਰਿਕਟਾਂ ਵਿੱਚ 2-ਸਾਲ ਦੀ ਮਿਆਦ ਲਈ ਸੇਵਾ ਦੇਣਗੇ। 2025 ਵਿੱਚ, 4-ਸਾਲ ਦੀ ਮਿਆਦ ਮੁੜ ਸ਼ੁਰੂ ਹੋਵੇਗੀ।
- ਬਿੱਲ ਪੇਸ਼ ਕਰਦੇ ਹਨ ਅਤੇ ਵੋਟ ਪਾਉਂਦੇ ਹਨ।
- ਸ਼ਹਿਰ ਦੇ ਬਜਟ 'ਤੇ ਗੱਲਬਾਤ ਕਰਦੇ ਹਨ ਅਤੇ ਮੰਜ਼ੂਰੀ ਦਿੰਦੇ ਹਨ।
- ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਸਾਡੇ ਸ਼ਹਿਰ ਦੇ ਵਾਧੇ ਅਤੇ ਵਿਕਾਸ ਬਾਰੇ ਨਿਰਣੇ ਲੈਂਦੇ ਹਨ।
- ਆਪਣੇ ਵੋਟਰਾਂ ਨੂੰ ਸਹਾਇਤਾ ਪ੍ਰਦਾਨ ਕਰਦੇ ਹਨ।

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ findmypollsite.vote.nyc 'ਤੇ ਪਤਾ ਲਾਓ।**

## ਕਾਉਂਟੀ ਦਫ਼ਤਰ

### ਡਿਸਟ੍ਰਿਕਟ ਅਟਾੱਰਨੀ

ਡਿਸਟ੍ਰਿਕਟ ਅਟਾੱਰਨੀ ਆਪਣੀ ਕਾਉਂਟੀ ਦਾ ਮੁੱਖ ਸਰਕਾਰੀ ਵਕੀਲ ਹੈ। ਉਹ 4 ਸਾਲ ਲਈ ਸੇਵਾ ਦਿੰਦੇ ਹਨ। ਮਿਆਦ ਦੀ ਕੋਈ ਸੀਮਾ ਨਹੀਂ ਹੈ।

- ਫ਼ੈਸਲਾ ਕਰਦੇ ਹਨ ਕਿ ਕਿਹੜੇ ਕੇਸਾਂ ਦਾ ਮੁਕੱਦਮਾ ਚਲਾਇਆ ਜਾਣਾ ਹੈ (ਅਤੇ ਕਿਹੜਿਆਂ ਦਾ ਨਹੀਂ)।
- ਫ਼ੌਜਦਾਰੀ ਦੇ ਸਾਰੇ ਮੁਕੱਦਮਿਆਂ ਦੀ ਨਿਗਰਾਨੀ ਕਰਦੇ ਹਨ।
- ਮੁਜਰਮਾਨਾ ਵਿਹਾਰ ਦੀ ਪੜਤਾਲ ਕਰਨੀ ਅਤੇ ਮੁਕੱਦਮਾ ਚਲਾਉਣਾ।

## ਜੱਜ

### ਸਿਵਿਲ ਅਦਾਲਤ - ਕਾਉਂਟੀ ਅਤੇ ਡਿਸਟ੍ਰਿਕਟ

ਸਿਵਿਲ ਅਦਾਲਤ ਦੇ ਜੱਜ ਕਾਉਂਟੀਆਂ ਜਾਂ ਡਿਸਟ੍ਰਿਕਟ ਦੀ ਨੁਮਾਇੰਦਗੀ ਕਰ ਸਕਦੇ ਹਨ, ਇਸ ਲਈ ਤੁਹਾਨੂੰ ਆਪਣੀ ਵੋਟ-ਪਰਚੀ 'ਤੇ ਸਿਵਿਲ ਅਦਾਲਤ ਦੇ ਇੱਕ ਜੱਜ ਨਾਲੋਂ ਵੱਧ ਜੱਜ ਨਜ਼ਰ ਆ ਸਕਦੇ ਹਨ। ਜੱਜਾਂ ਨੂੰ 10-ਸਾਲ ਦੀ ਮਿਆਦ ਲਈ ਚੁਣਿਆ ਜਾਂਦਾ ਹੈ ਅਤੇ ਉਹਨਾਂ ਵਲੋਂ ਸੁਣੇ ਜਾਣ ਵਾਲੇ ਕੇਸਾਂ ਵਿੱਚ ਸ਼ਾਮਿਲ ਹਨ:

- $50,000 ਤੱਕ ਦੇ ਦੀਵਾਨੀ ਮਾਮਲੇ।
- ਮਕਾਨ-ਮਾਲਕ-ਕਿਰਾਏਦਾਰ ਸਬੰਧੀ ਮਾਮਲੇ ਅਤੇ ਰਿਹਾਇਸ਼ ਦੇ ਮਿਆਰਾਂ ਨਾਲ ਜੁੜੇ ਦੇਖਭਾਲ ਕਰਨ ਸਬੰਧੀ ਮਾਮਲੇ।
- ਦੁਰਵਿਹਾਰ ਸਬੰਧੀ ਮੁਜਰਮਾਨਾ ਮੁਕੱਦਮਾ।

## ਪਾਰਟੀ ਦੇ ਅਹੁਦੇ

ਇਹ ਸਰਕਾਰੀ ਅਹੁਦੇ ਨਹੀਂ ਹਨ, ਬਲਕਿ ਸਥਾਨਕ ਸਿਆਸੀ ਪਾਰਟੀਆਂ ਵਿੱਚ ਲੀਡਰਸ਼ਿਪ ਦੀ ਭੂਮਿਕਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਹੇਠਾਂ ਦਿੱਤੇ ਹਰ ਇੱਕ ਦਫ਼ਤਰ ਦੇ ਖ਼ਾਸ ਫ਼ਰਜ਼ ਤੁਹਾਡੀ ਸਿਆਸੀ ਪਾਰਟੀ ਅਤੇ ਜਿੱਥੇ ਤੁਸੀਂ ਰਹਿੰਦੇ ਹੋ, ਨੂੰ ਵੇਖਦਿਆਂ ਅਲੱਗ ਹੋ ਸਕਦੇ ਹਨ। ਤੁਹਾਡੀ ਪਾਰਟੀ 'ਤੇ ਨਿਰਭਰ ਕਰਦਿਆਂ, ਲਿੰਗ-ਬਰਾਬਰੀ ਨੂੰ ਉਤਸਾਹ ਦੇਣ ਵਿੱਚ ਮਦਦ ਲਈ ਤੁਹਾਡੀ ਵੋਟ-ਪਰਚੀ 'ਤੇ ਦਿੱਤੀਆਂ ਗਈਆਂ ਪਾਰਟੀਆਂ ਵਿੱਚ ਲਿੰਗ ਨੂੰ ਅਧਾਰ ਬਣਾਕੇ ਕਈ ਅਹੁਦੇ ਹੋ ਸਕਦੇ ਹਨ।

### ਅਦਾਲਤੀ ਸਮਾਗਮ ਲਈ ਡੈਲੀਗੇਟ

ਅਦਾਲਤੀ ਸਮਾਗਮ ਦੇ ਡੈਲੀਗੇਟ/ਨੁਮਾਇੰਦੇ ਸਟੇਟ ਦੀ ਸੁਪਰੀਮ ਅਦਾਲਤ ਲਈ ਆਪਣੀ ਪਾਰਟੀ ਦੇ ਨਾਮਜ਼ਦ ਵਿਅਕਤੀਆਂ ਨੂੰ ਚੁਣ ਸਕਦੇ ਹਨ। ਤੁਸੀਂ ਕਿੰਨੇ ਡੈਲੀਗੇਟ/ਨੁਮਾਇੰਦੇ ਲਈ ਵੋਟ ਪਾ ਸਕਦੇ ਹੋ, ਇਸਦਾ ਫ਼ੈਸਲਾ ਤੁਹਾਡੀ ਵਿਧਾਨ ਸਭਾ ਦੀ ਡਿਸਟ੍ਰਿਕਟ ਕਰਦੀ ਹੈ। ਤੁਹਾਡੀ ਵੋਟ-ਪਰਚੀ ਤੁਹਾਨੂੰ ਦੱਸੇਗੀ ਕਿ ਤੁਸੀਂ ਕਿੰਨੇ ਡੈਲੀਗੇਟ/ਨੁਮਾਇੰਦੇ ਚੁਣ ਸਕਦੇ ਹੋ।

- ਉਹ ਆਪਣੀ ਪਾਰਟੀ ਦੇ ਅਦਾਲਤੀ ਸਮਾਗਮ ਵਿੱਚ ਹਿੱਸਾ ਲੈਂਦੇ ਹਨ।
- ਆਮ ਚੋਣਾਂ ਵਿੱਚ ਸਟੇਟ ਸੁਪਰੀਮ ਅਦਾਲਤ ਲਈ ਆਪਣੀ ਪਾਰਟੀ ਦੇ ਨਾਮਜ਼ਦ ਵਿਅਕਤੀ ਦੀ ਚੋਣ ਕਰਦੇ ਹਨ।
- ਸੇਵਾ ਦੇਣ ਦੇ ਅਸਮਰੱਥ ਡੈਲੀਗੇਟ/ਨੁਮਾਇੰਦੇ ਦੇ ਮਾਮਲੇ ਵਿੱਚ ਬਦਲਵੇਂ ਡੈਲੀਗੇਟ ਚੁਣੇ ਜਾਂਦੇ ਹਨ (ਜਿਊਰੀ ਬਾਰੇ ਵਿਕਲਪ ਰਾਹੀਂ)।

### ਸਟੇਟ ਕਮੇਟੀ ਦੇ ਮੈਂਬਰ

ਸਟੇਟ ਕਮੇਟੀ ਦੇ ਮੈਂਬਰ, ਸਟੇਟ ਦੀਆਂ ਸਿਆਸੀ ਪਾਰਟੀਆਂ ਦੇ ਅੰਦਰ ਆਪਣੀ ਵਿਧਾਨ ਸਭਾ ਦੀ ਡਿਸਟ੍ਰਿਕਟ ਦੀ ਨੁਮਾਇੰਦਗੀ ਕਰਦੇ ਹਨ। ਕਮੇਟੀ ਦੇ ਮੈਂਬਰ ਦੋ-ਸਾਲ ਦੀ ਮਿਆਦ ਲਈ ਸੇਵਾ ਦਿੰਦੇ ਹਨ।

- ਆਪਣੀ ਸਟੇਟ ਪਾਰਟੀ ਦੀ ਕੰਵੈਨਸ਼ਨ ਅਤੇ ਸਲਾਨਾ ਮੀਟਿੰਗਾਂ ਵਿੱਚ ਸ਼ਾਮਿਲ ਹੁੰਦੇ ਹਨ।
- ਆਪਣੇ ਭਾਈਚਾਰੇ, ਸਥਾਨਕ ਤੌਰ 'ਤੇ ਚੁਣੇ ਗਏ ਅਧਿਕਾਰੀ, ਸ਼ਹਿਰੀ ਸਰਕਾਰ, ਅਤੇ ਸਿਆਸੀ ਉਮੀਦਵਾਰਾਂ ਵਿਚਕਾਰ ਤਾਲਮੇਲ ਕਰਨ ਵਜੋਂ ਸੇਵਾ ਦਿੰਦੇ ਹਨ।

### ਕਾਉਂਟੀ ਦੇ ਕਮੇਟੀ ਮੈਂਬਰ

ਕਮੇਟੀ ਦੇ ਮੈਂਬਰ ਆਪਣੀ ਸਿਆਸੀ ਪਾਰਟੀ ਅਤੇ ਸਟੇਟ ਦੀਆਂ ਖ਼ਾਸ ਚੋਣਾਂ ਲਈ ਆਪਣੀ ਪਾਰਟੀ ਦੇ ਉਮੀਦਵਾਰਾਂ ਲਈ ਕਾਉਂਟੀ ਲੀਡਰ ਚੁਣਦੇ ਹਨ।

- ਸਟੇਟ ਦੀਆਂ ਖ਼ਾਸ ਚੋਣਾਂ ਲਈ ਆਪਣੀ ਪਾਰਟੀ ਦੇ ਉਮੀਦਵਾਰ ਚੁਣਦੇ ਹਨ।
- ਆਪਣੀ ਸਿਆਸੀ ਪਾਰਟੀ ਲਈ ਕਾਉਂਟੀ ਦੇ ਆਗੂਆਂ ਵਾਸਤੇ ਵੋਟ ਪਾਉਂਦੇ ਹਨ।
- ਕਾਉਂਟੀ ਦੀ ਪਾਰਟੀ ਦੇ ਬਜਟ ਅਤੇ ਹੋਰ ਅੰਦਰੂਨੀ ਪਾੱਲਿਸੀਆਂ ਨੂੰ ਮੰਜ਼ੂਰੀ ਦਿੰਦੇ ਹਨ।

### ਡਿਸਟ੍ਰਿਕਟ ਲੀਡਰ


ਹਰ ਕਾਉਂਟੀ ਵਿੱਚ ਸਿਆਸੀ ਪਾਰਟੀਆਂ ਚਲਾਉਣ ਲਈ ਡਿਸਟ੍ਰਿਕਟ ਲੀਡਰ ਮਦਦ ਕਰਦੇ ਹਨ। ਡਿਸਟ੍ਰਿਕਟ ਆਗੂ ਦੋ-ਸਾਲ ਦੀ ਮਿਆਦ ਲਈ ਸੇਵਾ ਦਿੰਦੇ ਹਨ।

- ਪੋਲ ਵਰਕਰਾਂ ਨੂੰ ਨਾਮਜ਼ਦ ਕਰਨ ਲਈ ਸ਼ਹਿਰੀ ਚੋਣ ਬੋਰਡ (Board of Elections) ਨਾਲ ਕੰਮ ਕਰਦੇ ਹਨ।
- ਸਿਵਿਲ ਅਤੇ ਸੁਪਰੀਮ ਅਦਾਲਤ ਵਿੱਚ ਜੱਜ ਦੇ ਅਹੁਦਿਆਂ ਲਈ ਉਮੀਦਵਾਰਾਂ ਨੂੰ ਨਾਮਜ਼ਦ ਕਰਦੇ ਹਨ।
- ਆਪਣੀ ਪਾਰਟੀ ਦੀ ਲੀਡਰਸ਼ਿਪ ਅਤੇ ਨੇਮਾਂ ਲਈ ਵੋਟ ਪਾਉਂਦੇ ਹਨ।

## ਨਿਊਯਾਰਕ ਸਿਟੀ ਕੌਂਸਲ ਦਾ ਨਕਸ਼ਾ

- NYC ਵਿੱਚ 51 ਸਿਟੀ ਕੌਂਸਲ ਡਿਸਟ੍ਰਿਕਟ ਹਨ
- ਹਰੇਕ ਡਿਸਟ੍ਰਿਕਟ ਵਿੱਚ ~170,000 ਵੋਟਰ ਰਹਿੰਦੇ ਹਨ
- ਸਿਟੀ ਕੌਂਸਲ NYC ਦੇ ~$100 ਅਰਬ ਦੇ ਬਜਟ ਨੂੰ ਮੰਜ਼ੂਰੀ ਦਿੰਦੀ ਹੈ

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ findmypollsite.vote.nyc 'ਤੇ ਪਤਾ ਲਾਓ।**




## ਸਿਟੀ ਕੌਂਸਲ ਮੈਂਬਰ ਮੈਂਬਰ ਦੀ ਜ਼ਿੰਦਗੀ ਦਾ ਇੱਕ ਦਿਨ

### ਸਿਟੀ ਕੌਂਸਲ ਮੈਂਬਰ ਤੁਹਾਡੇ ਲਈ ਕੀ ਕਰਦੇ ਹਨ?

- ਰਿਹਾਇਸ਼, ਸਿਹਤ ਸੰਭਾਲ, ਸਿੱਖਿਆ, ਜਨਤਕ ਸੁਰੱਖਿਆ, ਅਤੇ ਹੋਰ ਬਹੁਤ ਸਾਰੇ ਮੁੱਦਿਆਂ 'ਤੇ ਬਿੱਲਾਂ ਦਾ ਖਰੜਾ ਤਿਆਰ ਕਰਦੇ ਹਨ ਅਤੇ ਵੋਟ ਪਾਉਂਦੇ ਹਨ। ਕੌਂਸਲ ਮੈਂਬਰ ਬੁਜ਼ੁਰਗਾਂ ਤੋਂ ਲੈ ਕੇ ਨੌਜਵਾਨ ਬਾਰੇ ਸੇਵਾਵਾਂ ਦੇ ਮੁੱਦਿਆਂ ਸਬੰਧੀ ਕਮੇਟੀਆਂ ਵਿੱਚ ਵੀ ਸ਼ਾਮਲ ਹੋ ਸਕਦੇ ਹਨ।
- ਸ਼ਹਿਰ ਦਾ ~$100 ਅਰਬ ਦਾ ਬਜਟ ਤਿਆਰ ਕਰਨ ਅਤੇ ਮੰਜ਼ੂਰੀ ਦੇਣ ਲਈ ਮੇਅਰ ਨਾਲ ਕੰਮ ਕਰਦੇ ਹਨ। ਹਰੇਕ ਕੌਂਸਲ ਮੈਂਬਰ ਆਪਣੇ ਡਿਸਟ੍ਰਿਕਟ ਵਿੱਚ ਸਕੂਲ ਬਣਾਉਣ ਅਤੇ ਸੁਧਾਰ ਕਰਨ ਲਈ $5 ਮਿਲੀਅਨ ਦੇ ਬਜਟ ਦਾ ਪ੍ਰਬੰਧ ਕਰਦੇ ਹਨ, ਅਤੇ ਗੈਰ-ਲਾਭਕਾਰੀ ਸੰਸਥਾਵਾਂ ਦੀ ਸਹਾਇਤਾ ਵਾਸਤੇ ~$500,000 ਦੇ ਵਾਧੂ ਬਜਟ ਦਾ ਪ੍ਰਬੰਧ ਵੀ ਕਰਦੇ ਹਨ।
- ਨਿਊਯਾਰਕ ਸ਼ਹਿਰ ਪੁਲਿਸ ਵਿਭਾਗ ਅਤੇ ਨਿਊਯਾਰਕ ਸ਼ਹਿਰ ਸਿੱਖਿਆ ਵਿਭਾਗ ਸਮੇਤ ਨਿਊਯਾਰਕ ਵਾਸੀਆਂ ਦੀ ਸੇਵਾ ਕਰਨ ਵਾਲੀਆਂ ਸਿਟੀ ਏਜੰਸੀਆਂ ਦੀ ਨਿਗਰਾਨੀ ਕਰਦੇ ਹਨ।
- ਪੂਰੇ ਸ਼ਹਿਰ ਵਿੱਚ ਇਮਾਰਤ ਅਤੇ ਜ਼ਮੀਨ ਦੀ ਵਰਤੋਂ ਦਾ ਪਤਾ ਲਾਉਂਦੇ ਹਨ, ਜਿਸ ਵਿੱਚ ਸੰਪਤੀ ਦੇ ਮਾਲਕਾਂ ਲਈ ਜ਼ੋਨਿੰਗ ਦੀ ਨਿਗਰਾਨੀ ਕਰਨਾ, ਲੈਂਡਮਾਰਕਾਂ ਨੂੰ ਸੁਰੱਖਿਅਤ ਕਰਨਾ, ਅਤੇ ਸ਼ਹਿਰ ਦੀ ਜ਼ਮੀਨ ਅਤੇ ਜਨਤਕ ਸਹੂਲਤਾਂ ਦਾ ਪ੍ਰਬੰਧ ਕਰਨਾ ਸ਼ਾਮਲ ਹੈ।
- ਤੁਹਾਡੇ ਜਿਹੇ ਵੋਟਰਾਂ ਦੀ ਸਹਾਇਤਾ ਕਰਦੇ ਹਨ। ਕੌਂਸਲ ਮੈਂਬਰ ਅਤੇ ਉਨ੍ਹਾਂ ਦੇ ਦਫ਼ਤਰ ਟੈਕਸ ਦੀ ਤਿਆਰੀ, ਕਿਫਾਇਤੀ ਰਿਹਾਇਸ਼, ਰੁੱਖ ਲਗਾਉਣ, ਗੰਦੇ ਫੁੱਟਪਾਥ, ਟੋਇਆਂ, ਪੈਦਲ ਯਾਤਰੀਆਂ ਦੀ ਸੁਰੱਖਿਆ ਅਤੇ ਹੋਰ ਬਹੁਤ ਸਾਰੇ ਮੁੱਦਿਆਂ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਜੇ ਤੁਹਾਨੂੰ ਮਦਦ ਚਾਹੀਦੀ ਹੈ, ਤਾਂ ਆਪਣੇ ਕੌਂਸਲ ਮੈਂਬਰ ਨਾਲ ਸੰਪਰਕ ਕਰੋ!

# ਉਮੀਦਵਾਰ ਦੇ ਵੀਡੀਓ ਵੇਖਣੇ

ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।

ਇੱਥੇ ਸਕੈਨ ਕਰੋ ਜਾਂ **punjabi.nycvotes.org/candidates** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 1

ਲੋਕਰਾਜੀ

- ਉਰਮਿਲਾ ਜੰਗ ✓
- ਸੁਜ਼ਨ ਲੀ ✓
- ਕ੍ਰਿਸਟੋਫਰ ਮਾਰਟੇ ✓
- ਪ੍ਰਈ ਸਟੀਵਰਟ

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 37 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਉਰਮਿਲਾ ਜੰਗ ✓

ਲੋਕਰਾਜੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਅਤੇ ਸਰਕਾਰ ਦੀ ਜਵਾਬਦੇਹੀ।
2. ਮਾਤਾ-ਪਿਤਾ ਉੱਚ ਕੁਆਲਿਟੀ ਦੇ ਸਕੂਲਾਂ ਦੇ ਹੱਕਦਾਰ ਹਨ।
3. ਗੁਆਂਢਚਾਰੇ ਦੇ ਸਟੋਰ NYC ਨੂੰ ਮਹਾਨ ਬਣਾਉਂਦੇ ਹਨ।

*"ਮੈਂ ਡਿਸਟ੍ਰਿਕਟ 1 ਦੀ ਨੁਮਾਇੰਦਗੀ ਕਰਨ ਲਈ ਚੋਣ ਲੜ ਰਹੀ ਹਾਂ, ਕਿਉਂਕਿ ਮੈਨੂੰ ਲੱਗਦਾ ਹੈ ਕਿ ਮੈਂ ਬਿਹਤਰ ਕਰ ਸਕਦੀ ਹਾਂ! ਇੱਕ ਮਾਤਾ-ਪਿਤਾ, ਨਿਊਯਾਰਕ ਦੀ ਵਸਨੀਕ ਅਤੇ ਭਾਈਚਾਰਕ ਮੈਂਬਰ ਵਜੋਂ, ਮੇਰਾ ਮੰਨਣਾ ਹੈ ਕਿ ਇੱਕ ਸੁਰੱਖਿਅਤ, ਸਾਫ਼-ਸੁਥਰੇ ਸ਼ਹਿਰ ਲਈ ਸਾਨੂੰ ਇੱਕ ਮਜ਼ਬੂਤ ਲੀਡਰਸ਼ਿਪ ਦੀ ਲੋੜ ਹੈ, ਜਿੱਥੇ ਅਸੀਂ ਆਪਣੇ ਬੱਚਿਆਂ ਲਈ ਨਾ ਡਰੀਏ। ਸਾਨੂੰ ਕਿਫ਼ਾਇਤੀ ਰਿਹਾਇਸ਼, ਬਿਹਤਰੀਨ ਸਕੂਲਾਂ ਅਤੇ ਜ਼ਿੰਦਾਦਿਲ ਗੁਆਂਢਚਾਰੇ ਦਾ ਹੱਕ ਹੈ। ਕੱਟੜ ਸਿਆਸਤ ਦਾ ਸਮਾਂ ਖ਼ਤਮ ਹੋ ਗਿਆ ਹੈ। ਅੱਤ ਦੇ ਧਰੁਵੀਕਰਣ ਦੇ ਬਾਵਜੂਦ ਅਸੀਂ ਮੀਡੀਆ ਵਿੱਚ ਇਸ ਦੇਸ਼ ਦੇ ਬਹੁਤੇ ਲੋਕਾਂ ਵਾਂਗ ਵੇਖਦੇ ਹਾਂ, ਮੈਂ ਨਰਮਪੰਥੀ ਹਾਂ ਅਤੇ ਮੇਰਾ ਮੰਨਣਾ ਹੈ ਕਿ ਸਾਨੂੰ NYC ਨੂੰ ਵਾਪਸ ਲਿਆਉਣ ਲਈ ਮਿਲਕੇ ਕੰਮ ਕਰਨ ਦੀ ਲੋੜ ਹੈ।"*

**ਮੌਜੂਦਾ ਕੰਮ–ਧੰਦਾ:** ਕੋਈ ਨਹੀਂ

**ਪਿਛਲਾ ਕੰਮ–ਧੰਦਾ:** ਪ੍ਰਾਈਵੇਟ ਪੂੰਜੀਕਾਰ

**ਪੜ੍ਹਾਈ:** ਕੋਲੰਬੀਆ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਭਾਈਚਾਰਕ ਸਿੱਖਿਆ ਕੌਂਸਲ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਸੂਜ਼ਨ ਲੀ ✓

ਲੋਕਰਾਜੀ

ਮੁੱਖ **3** ਮਸਲੇ:

1. ਵਧ ਰਹੇ ਜੁਰਮਾਂ ਤੋਂ ਭਾਈਚਾਰਿਆਂ ਦੀ ਰਾਖੀ ਕਰਨਾ
2. ਪਬਲਿਕ ਸਕੂਲਾਂ ਦੀ ਕੁਆਲਿਟੀ ਵਿੱਚ ਸੁਧਾਰ ਕਰਨਾ
3. ਸਾਰਿਆਂ ਲਈ ਆਰਥਿਕ ਮੌਕੇ ਬਣੇ ਰਹਿਣੇ

*"ਮੈਂ ਭਾਈਚਾਰੇ ਦੀ ਹਿਮਾਇਤੀ ਹਾਂ, ਨੌਨ-ਪ੍ਰੌਫ਼ਿਟ ਲੀਡਰ ਹਾਂ, ਅਤੇ ਮਾੱਡਰੇਟ ਡੈਮੋਕ੍ਰੈਟ ਹਾਂਜੋ ਲੋੜਵੰਦ ਨਾਲ ਖੜ੍ਹੇ ਹੋਣ ਤੋਂ ਕਦੀ ਵੀ ਨਹੀਂ ਝਿਜਕਦੀ।.*

*ਜ਼ਿੰਦਗੀ ਭਰ ਲਈ ਨਿਊਯਾਰਕ ਦੇ ਵਸਨੀਕ ਵਜੋਂ, ਮੈਂ ਆਪਣਾ ਸਭ ਤੋਂ ਚੰਗਾ ਅਤੇ ਸਭ ਤੋਂ ਬੁਰਾ ਸਮਾਂ ਵੇਖਿਆ ਹੈ। ਅਤੇ ਮੈਂ ਇਹ ਵੀ ਜਾਣਦੀ ਹਾਂ ਕਿ ਸਾਡਾ ਸ਼ਹਿਰ ਤਰੱਕੀ ਕਰੇਗਾ ਪਰ ਇਸ ਲਈ ਮਿਹਨਤਅਤੇ ਸਮਰਪਣ ਕਰਨਾ ਪਏਗਾ। ਬੇਮਿਸਾਲ ਵੰਗਾਰਾਂ ਦੇ ਦੌਰ ਵਿੱਚ ਮਜ਼ਬੂਤ, ਅਸਰਦਾਰ ਲੀਡਰਸ਼ਿਪ ਪਹਿਲਾਂ ਤੋਂ ਕਿਤੇ ਵੱਧ ਅਹਿਮ ਹੈ। ਮੈਂ ਸਾਰਿਆਂ ਲਈ ਬਿਹਤਰ ਡਿਸਟ੍ਰਿਕਟ ਬਣਾਉਣ ਲਈ ਕਦੀ ਵੀ ਕੰਮ ਕਰਨਾ ਬੰਦ ਨਹੀਂ ਕਰਾਂਗੀ, ਇਸ ਉਮੀਦ ਵਿੱਚ ਕਿ ਇਸ ਚੋਣ ਵਿੱਚ ਮੈਨੂੰ ਤੁਹਾਡੀ ਵੋਟ ਮਿਲੇਗੀ।"*

**ਮੌਜੂਦਾ ਕੰਮ-ਧੰਦਾ:** ਸਲਾਹਕਾਰ

**ਪਿਛਲਾ ਕੰਮ-ਧੰਦਾ:** ਸਲਾਹਕਾਰ

**ਪੜ੍ਹਾਈ:** BA-ਬਰਨਾਰਡ ਕਾੱਲਿਜ 2000; MPA-NYU ਵੈਗਨਰ ਸਕੂਲ ਆੱਫ਼ ਪਬਲਿਕ ਸਰਵਿਸ 2005

**ਸੰਸਥਾਗਤ ਸਬੰਧ:** ਫ਼ਾਉਂਡਿੰਗ ਬੋਰਡ ਮੈਂਬਰ-ਨੋਮੀ ਨੈਟਵਰਕ; ਫ਼ਾਉਂਡਿੰਗ ਪ੍ਰੈਜ਼ੀਡੈਂਟ –ਭਾਈਚਾਰਕ ਸੰਭਾਲ ਅਤੇ ਬਿਹਤਰੀ ਲਈ ਗਠਜੋੜ; ਫ਼ਾਉਂਡਿੰਗ ਬੋਰਡ ਮੈਂਬਰ ਅਤੇ SDR ਪਾਰਕ ਅਲਾਇੰਸ ਦਾ VP

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

---



## ਕ੍ਰਿਸਟੋਫਰ ਮਾਰਟੇ ✓

ਲੋਕਰਾਜੀ

ਮੁੱਖ **3** ਮਸਲੇ:

1. ਥਾਂ-ਬਦਲੀ ਦੇ ਸੰਕਟ ਨੂੰ ਰੋਕਣਾ
2. NYC ਵਿੱਚ ਕਪੜਿਆਂ ਦੀ ਸਨਅੱਤ ਦੀਆਂ ਫ਼ੈਕਟਰੀਆਂ ਦੀਆਂ ਸਥਿਤੀਆਂ ਨੂੰ ਖ਼ਤਮ ਕਰਨਾ
3. ਵਾਤਾਵਰਣ ਸਬੰਧੀ ਲਚੀਲੇਪਣ ਲਈ ਜ਼ਿੰਮੇਵਾਰ ਪਲਾਨ ਲਾਗੂ ਕਰਨਾ

*"ਇਹ ਉਹਨਾਂ ਭਾਈਚਾਰਿਆਂ ਦੀ ਨੁਮਾਇੰਦਗੀ ਕਰਨ ਦਾ ਮਾਣ ਹੈ, ਜਿਹਨਾਂ ਨੇ ਮੈਨੂੰ ਸਿਟੀ ਹਾਲ ਵਿੱਚ ਪੁਚਾਇਆ ਹੈ। ਇੱਕ ਸਾਲ ਵਿੱਚ, ਅਸੀਂ ਪਬਲਿਕ ਰਿਹਾਇਸ਼ ਵਿੱਚ ਸੁਧਾਰ, ਸੜਕਾਂ ਦੀ ਸਫ਼ਾਈ ਦਾ ਪਸਾਰ ਕਰਨ, ਨਵੀਆਂ ਪਾਰਕਾਂ ਅਤੇ ਪਬਲਿਕ ਸਕੂਲਾਂ ਦੀ ਮੁਰੰਮਤ ਕਰਨ ਲਈ **$15M** ਤੋਂ ਵੱਧ ਦੀ ਰਕਮ ਹਾਸਿਲ ਕੀਤੀ ਹੈ। ਵੀ ਕਰਨ ਵਾਲਿਆਂ ਨੂੰ ਮਿਲਣ ਦੀ ਥਾਂ, ਅਸੀਂ ਘਰੇਲੂ ਸਹਾਇਕਾਂ ਲਈ 24 ਘੰਟਿਆਂ ਦੇ ਕੰਮ ਦੇ ਸਮੇਂ ਨੂੰ ਖ਼ਤਮ ਕਰਨ ਲਈ ਲਿਖਤੀ ਕਾਨੂੰਨ ਬਣਾਇਆ ਹੈ, ਸੀਪੋਰਟ ਤੋਂ ਟੂ ਬ੍ਰਿਜਿਜ਼ ਤੱਕ ਅਰਬਪਤੀ ਡਿਵੈਲਪਰਾਂ ਦਾ ਮੁਕਾਬਲਾ ਕੀਤਾ ਸੀ ਅਤੇ ਈਸਟ ਬ੍ਰੌਡਵੇਅ 'ਤੇ ਸਾਡੇ ਸਟੋਰਫ੍ਰੰਟ ਦਫ਼ਤਰ ਵਿਖੇ ਹਜ਼ਾਰਾਂ ਲੋਕਾਂ ਦੀ ਸੇਵਾ ਕਰ ਰਹੇ ਹਾਂ। ਅਸੀਂ ਵੱਡੇ ਉਤਸਾਹ ਨਾਲ ਕੰਮ ਕਰ ਰਹੇ ਹਾਂ, ਪਰ ਅਸੀਂ ਅਜੇ ਸ਼ੁਰੂਆਤ ਕਰ ਰਹੇ ਹਾਂ!"*

**ਮੌਜੂਦਾ ਕੰਮ-ਧੰਦਾ:** ਉਮੀਦਵਾਰ

**ਪਿਛਲਾ ਕੰਮ-ਧੰਦਾ:** ਨਿਊਯਾਰਕ ਡਾਇਰੈਕਟਰ; ਐਰੀਨਾ। ਪੇਨਸ਼ਨ ਫ਼ੰਡ ਮੈਨੇਜਰ; IBM

**ਪੜ੍ਹਾਈ:** ਗਲੋਬਲ ਕਾੱਲਿਜ, LIU ਬਰੂਕਲਿਨ

**ਸੰਸਥਾਗਤ ਸਬੰਧ:** ਸਹਿ-ਬਾਨੀ: ਨੇਬਰਸ ਯੂਨਾਇਟਿਡ ਬਿਲੋਵ ਕੈਨਾਲ

**ਪਹਿਲਾਂ ਦਾ ਸਰਕਾਰੀ ਅਨੁਭਵ:** ਡੈਮੋਕ੍ਰੈਟਿਕ ਸਟੇਟ ਕਮੇਟੀ ਦੇ ਮੈਂਬਰ (2018-22)

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਪੂਈ ਸਟੀਵਰਟ

ਲੋਕਰਾਜੀ

**ਮੁੱਖ 3 ਮਸਲੇ:**

1. ਜਨਤਕ ਸੁਰੱਖਿਆ ਵਿੱਚ ਸੁਧਾਰ ਕਰਨਾ
2. ਬਿਹਤਰ ਸਕੂਲ ਬਣਾਉਣੇ
3. NYC ਵਿੱਚ ਨੌਕਰੀਆਂ ਵਾਪਸ ਲਿਆਉਣੀਆਂ

*"ਪੂਈ ਸਟੀਵਰਟ ਪਹਿਲੀ ਪੀੜ੍ਹੀ ਦੀ ਪ੍ਰਵਾਸੀ ਹੈ ਅਤੇ ਇੱਕ ਸੁਫ਼ਨੇਬਾਜ਼ ਦੇ ਤੌਰ 'ਤੇ ਅਮਰੀਕਾ ਆਈ ਸੀ। ਪੂਈ ਦੀ ਮੁੱਖ ਤਰਜੀਹ ਜਨਤਕ ਸੁਰੱਖਿਆ ਲਈ ਜੱਦੋ-ਜਹਿਦ ਕਰਨੀ ਅਤੇ ਸਬਵੇਅ ਸਿਸਟਮ ਦੀ ਸਫ਼ਾਈ ਕਰਨੀ ਹੈ। ਉਹਨਾਂ ਨੇ ਇੱਕ ਟ੍ਰੇਨ ਆੱਪ੍ਰੇਟਰ ਨਾਲ ਵਿਆਹ ਕੀਤਾ ਸੀ ਅਤੇ ਪਤਾ ਸੀ ਕਿ ਸੰਘਰਸ਼ ਕਰਨਾ ਕਿਹੋ ਜਿਹਾ ਹੁੰਦਾ ਹੈ। ਤਿੰਨ ਬੱਚਿਆਂ ਦੀ ਮਾਂ, ਪੂਈ ਨਿਊਯਾਰਕ ਸਿਟੀ ਪਬਲਿਕ ਸਕੂਲ ਸਿਸਟਮ ਵਿੱਚ ਪੜ੍ਹਾਉਂਦੇ ਹਨ ਅਤੇ ਵਿਸ਼ੇਸ਼ ਸਿੱਖਿਆ ਵਿੱਚ ਡਿਗ੍ਰੀ ਹੈ। ਉਹ ਵੇਖਦੇ ਹਨ ਕਿ ਸਾਡੀ ਸਕੂਲ ਸਿਸਟਮ, ਸਾਡੇ ਬੱਚਿਆਂ ਨੂੰ ਕਿਵੇਂ ਨਾਕਾਮ ਬਣਾ ਰਿਹਾ ਹੈ ਅਤੇ ਬਿਹਤਰ ਸਕੂਲ ਸਿਰਜਣ ਲਈ ਸਾਨੂੰ ਸਖ਼ਤ ਮਿਹਨਤ ਕਰਨੀ ਪਏਗੀ। ਪੂਈ ਸਾਡੇ ਛੋਟੇ ਕਾਰੋਬਾਰਾਂ ਲਈ ਮੁਕਾਬਲਾ ਕਰਨਗੇ ਅਤੇ ਉਹਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕੰਮ ਕਰਨਗੇ। ਪੂਈ ਨੇ ਵੇਖਿਆ ਹੈ ਕਿ ਕਈ ਲੋਕ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਜੂਝ ਰਹੇ ਹਨ ਅਤੇ ਸਾਡੀ ਸਿਟੀ ਅਤੇ ਲੋਅਰ ਮੈਨਹੱਟਨ ਲਈ ਨੌਕਰੀਆਂ ਵਾਪਸ ਲਿਆਉਣ ਲਈ ਸੰਘਰਸ਼ ਕਰਨਗੇ।"*

**ਮੌਜੂਦਾ ਕੰਮ-ਧੰਦਾ:** ਬਦਲਵਾਂ ਅਧਿਆਪਕ

**ਪਿਛਲਾ ਕੰਮ-ਧੰਦਾ:** ਪਬਲਿਕ ਸਕੂਲ ਟੀਚਰ

**ਪੜ੍ਹਾਈ:** ਮਾਸਟਰ'ਸ, ਵਿਸ਼ੇਸ਼ ਸਿੱਖਿਆ, ਟੂਰੋ ਕਾੱਲਿਜ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਚੋਣ ਅਲਰਟ ਹਾਸਿਲ ਕਰਨੇ

**ਟੈਕਸਟ ਜਾਂ ਈਮੇਲ ਕਰਕੇ ਚੋਣ ਅਲਰਟ ਲਈ ਸਾਈਨ ਅਪ ਕਰੋ! ਮੁੱਖ ਅੰਤਮ-ਤਾਰੀਖ਼ਾਂ ਅਤੇ ਵੋਟ ਕਦੋਂ ਪਾਓ, ਬਾਰੇ ਚੌਕਸ ਰਹੋ।**

**ਇੱਥੇ ਸਕੈਨ ਕਰੋ ਜਾਂ nycvotes.org/stay-informed 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

**ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, punjabi.nycvotes.org/compare 'ਤੇ ਜਾਓ।**

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ findmypollsite.vote.nyc 'ਤੇ ਪਤਾ ਲਾਓ।**

| | **ਉਰਮਿਲਾ ਜੰਗ** ✓<br>ਲੋਕਰਾਜੀ | **ਸੂਜ਼ਨ ਲੀ** ✓<br>ਲੋਕਰਾਜੀ |
|---|---|---|
| ਅਪਰਾਧ | NYC ਨੂੰ ਇੱਕ ਸੁਰੱਖਿਅਤ ਸ਼ਹਿਰ ਦੇ ਤੌਰ 'ਤੇ ਆਪਣੀ ਸਾਖ ਨੂੰ ਮੁੜ-ਉਸਾਰਣ ਦੀ ਲੋੜ ਹੈ। ਇੱਥੇ ਬੰਦੂਕਾਂ, ਛੋਟੇ-ਮੋਟੇ ਜੁਰਮ ਜਾਂ ਨਸਲਪ੍ਰਸਤ ਹਮਲਿਆਂ ਲਈ ਕੋਈ ਥਾਂ ਨਹੀਂ ਹੈ। NYPD ਨੂੰ ਭਾਈਚਾਰਕ ਪੁਲਿਸਿੰਗ ਲਈ ਸਿਖਲਾਈ ਜ਼ਰੂਰ ਦੇਣੀ ਚਾਹੀਦੀ ਹੈ ਅਤੇ ਜਿਸ ਸੁਰੱਖਿਆ ਦੇ ਅਸੀਂ ਹੱਕਦਾਰ ਹਾਂ, ਮੁਹੱਈਆ ਕਰਾਉਣ ਲਈ ਉਸ ਨੂੰ ਭਾਈਚਾਰਿਆਂ ਨਾਲ ਉਸਾਰੂ ਢੰਗ ਨਾਲ ਜੁੜਣ ਲਈ ਲੋੜੀਂਦੇ ਸਾਧਨ ਮੁਹੱਈਆ ਕਰਾਉਣੇ ਚਾਹੀਦੇ ਹਨ। | ਮੈਂ ਭਾਈਚਾਰਕ ਪੁਲਿਸਿੰਗ ਦੀ ਹਿਮਾਇਤ ਕਰਦਾ ਹਾਂ, ਜੋ ਪੁਲਿਸ ਅਤੇ ਭਾਈਚਾਰੇ ਲਈ ਉਸਾਰੂ ਤਰੀਕਿਆਂ ਨਾਲ ਜੁੜਣ ਦੇ ਮੌਕੇ ਤਿਆਰ ਕਰੇਗੀ। ਸਾਨੂੰ ਆਪਣੀ ਪੁਲਿਸ ਲਈ ਸਿਖਲਾਈ ਵਧਾਉਣ ਅਤੇ ਪਾਰਦਰਸ਼ਿਤਾ ਅਤੇ ਜਵਾਬਦੇਹੀ ਦੀ ਮੰਗ ਦੀ ਵੀ ਲੋੜ ਹੈ। ਸਾਨੂੰ ਸੋਸ਼ਲ ਵਰਕਰਾਂ ਅਤੇ ਮਾਨਸਿਕ ਸਿਹਤ ਪੇਸ਼ੇਵਰਾਂ ਲਈ ਰਕਮਾਂ ਦੇਣ ਦੀ ਵੀ ਲੋੜ ਹੈ। |
| ਮਹਿੰਗਾਈ | NYC ਦਾ ਹਰ ਇੱਕ ਵਸਨੀਕ ਮਹਿੰਗਾਈ ਨਾਲ ਜੁੜਿਆ ਦਬਾਅ ਮਹਿਸੂਸ ਕਰ ਰਿਹਾ ਹੈ। ਹਾਲਾਂਕਿ ਇਹਨਾਂ ਵਿੱਚੋਂ ਕਈ ਆਲਮੀ ਮਾਮਲੇ ਹਨ ਅਤੇ ਸਥਾਨਕ ਪੱਧਰ 'ਤੇ ਸਾਨੂੰ ਸਰਕਾਰੀ ਲਾਗਤ ਘਟਾਉਣ ਦੀ ਲੋੜ ਹੈ, ਸੇਵਾਵਾਂ ਦੀ ਨਹੀਂ। ਇੱਕ ਮਜ਼ਬੂਤ ਆਰਥਿਕਤਾ ਬਣਾਉਣ ਵਿੱਚ ਮਦਦ ਲਈ ਇਹਨਾਂ ਬੱਚਤਾਂ ਨੂੰ ਕਾਰੋਬਾਰਾਂ ਅਤੇ ਖਪਤਕਾਰਾਂ ਤੱਕ ਪਹੁੰਚਾਉਣ ਦੀ ਲੋੜ ਹੈ। | ਮਹਿੰਗਾਈ ਇੱਕ ਵਿਆਪਕ ਆਰਥਕ ਪਾੱਲਿਸੀ ਹੈ, ਜਿਸ ਨੂੰ ਫ਼ੈਡਰਲ ਪੱਧਰ 'ਤੇ ਹੀ ਹੱਲ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਖ਼ਰਚਾ ਰੋਕਣ ਲਈ ਵਿਆਜ ਦੀਆਂ ਦਰਾਂ ਵਧਾਉਣੀਆਂ। ਰੋਜ਼ਾਨਾ ਦੀਆਂ ਵਸਤਾਂ ਦੀ ਕੀਮਤ ਵਧਣ ਨਾਲ, ਮੈਂ ਜ਼ਰੂਰਤਮੰਦਾਂ ਲਈ ਪਾੜੇ ਨੂੰ ਪੂਰਣ ਲਈ ਸੇਵਾਵਾਂ ਦੇਣ ਲਈ ਸਰਕਾਰ ਵਿੱਚ ਆਪਣੇ ਸਹਿਯੋਗੀਆਂ ਨਾਲ ਕੰਮ ਕਰਾਂਗੀ। |
| ਲੋਕਰਾਜ ਦੀ ਰਾਖੀ ਕਰਨਾ | 1) ਵਿਦੇਸ਼ੀ ਦਖ਼ਲਅੰਦਾਜ਼ੀ ਦੇ ਖ਼ਿਲਾਫ਼ ਵੋਟਿੰਗ ਸੁਰੱਖਿਆ ਨੂੰ ਮਜ਼ਬੂਤ ਬਣਾਉਣਾ, ਵੋਟ ਪਾਉਣ ਦੇ ਤਰੀਕਿਆਂ ਦਾ ਪਸਾਰ ਕਰਨਾ ਅਤੇ ਵੋਟਰਾਂ ਨਾਲ ਜੁੜਣਾ। 2) ਕਾਨੂੰਨ ਸਮੇਤ ਨਤੀਜਿਆਂ ਦੇ ਨਿਰਧਾਰਣ ਦਾ ਅਮਲ ਤੇਜ਼ ਕਰਨਾ ਅਤੇ ਪਾਰਦਰਸ਼ਤਾ ਅਤੇ ਵਿਸ਼ਵਾਸ ਸਿਰਜਣ ਦੇ ਬਿਹਤਰੀਨ ਢੰਗ-ਤਰੀਕੇ ਜਾਰੀ ਰੱਖਣਾ 3) ਹਟਾਉਣ ਨੂੰ ਯਕੀਨੀ ਬਣਾਉਣ ਲਈ ਮੀਡੀਆ ਨਾਲ ਜੁੜਣਾ | ਲੋਕਰਾਜ ਸਾਡੇ ਦੇਸ਼ ਦੀ ਬੁਨਿਆਦ ਹੈ। ਮੈਂ ਯਕੀਨੀ ਬਣਾਵਾਂਗੀ ਕਿ ਲੋਕਰਾਜ ਨਾਲ ਸਮਝੌਤਾ ਨਾ ਕੀਤਾ ਜਾਏ ਅਤੇ ਇਸ ਨੂੰ ਆਪਣੇ ਕੰਮ ਦੇ ਸਾਰੇ ਪਹਿਲੂਆਂ ਵਿੱਚ ਉਤਸਾਹ ਦਿਆਂਗੀ। ਮੇਰਾ ਦਫ਼ਤਰ ਨਾਗਰਿਕ ਸਬੰਧੀ ਸਰਗਰਮੀਆਂ ਬਾਰੇ ਭਾਈਚਾਰੇ ਦੇ ਮੈਂਬਰਾਂ ਨਾਲ ਜੁੜੇਗਾ ਅਤੇ ਵੋਟਰ ਰਜਿਸਟ੍ਰੇਸ਼ਨ ਕਰਾਏਗਾ - ਕਿਉਂਕਿ ਵੋਟਿੰਗ ਸਾਡੇ ਬੁਨਿਆਦੀ ਹੱਕਾਂ ਵਿੱਚੋਂ ਇੱਕ ਹੈ। |

| **ਕ੍ਰਿਸਟੋਫਰ ਮਾਰਟੇ** ✓<br>ਲੋਕਰਾਜੀ | **ਪੂਈ ਸਟੀਵਰਟ**<br>ਲੋਕਰਾਜੀ |
| --- | --- |
| ਜੁਰਮ ਨੂੰ ਘਟਾਉਣ ਦਾ ਮਤਲਬ ਇਸਦੇ ਵਾਪਰਣ ਤੋਂ ਪਹਿਲਾਂ ਇਸ ਨੂੰ ਰੋਕਣਾ ਹੈ, ਨਾ ਕਿ ਸਿਰਫ਼ ਇਸ ਤੋਂ ਬਾਅਦ ਪ੍ਰਤੀਕਰਮ ਦੇਣਾ। ਅਸੀਂ ਗੈਰ-ਕਾਨੂੰਨੀ ਧੂੰਏਂ ਦੀ ਨਿਕਾਸੀ ਵਾਲੀਆਂ ਦੁਕਾਨਾਂ ਵਰਗੇ ਮਸਲਿਆਂ 'ਤੇ ਕੰਟਰੋਲ ਕਰਨ ਲਈ ਮੈਨਹਟਨ DA ਨਾਲ ਭਾਈਵਾਲੀ ਕੀਤੀ ਹੈ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਬਰਬਾਦ ਕਰਨ ਵਾਲੀਆਂ ਚੋਣਾਂ ਕਰਨ ਤੋਂ ਰੋਕਣ ਲਈ ਮਜ਼ਬੂਤ ਸਮਾਜਕ ਸੇਵਾ ਨੈਟਵਰਕਾਂ ਨੂੰ ਰਕਮਾਂ ਵੀ ਦਿੱਤੀਆਂ ਹਨ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| ਰਹਿਣ-ਸਹਿਣ ਦੀ ਲਾਗਤ ਵਧਣ ਨਾਲ ਲੋਕ ਇੱਕ ਥਾਂ ਤੋਂ ਦੂਜੀ ਥਾਂ 'ਤੇ ਜਾਂਦੇ ਹਨ। ਜੇ ਅਸੀਂ ਛੋਟੇ ਕਾਰੋਬਾਰਾਂ ਦੀ ਹਿਮਾਇਤ ਉਸੀ ਤਰ੍ਹਾਂ ਕਰਦੇ ਹਾਂ, ਜਿਵੇਂ ਅਸੀਂ ਵੱਡੀਆਂ ਕੰਪਨੀਆਂ ਦੀ ਹਿਮਾਇਤ ਕੀਤੀ ਹੈ, ਤਾਂ ਸਾਡੇ ਕੋਲ ਆਰਥਕ ਤੌਰ 'ਤੇ ਵੱਧ ਲਚੀਲੇ ਭਾਈਚਾਰੇ ਹੋਣਗੇ, ਜਿੱਥੇ ਲੋਕ ਸਟੋਰਾਂ ਵਿੱਚ ਖ਼ਰੀਦਾਰੀ ਕਰ ਸਕਦੇ ਹਨ। ਰਿਹਾਇਸ਼, ਸਿਹਤ ਸੰਭਾਲ ਅਤੇ ਬਾਲ ਸੰਭਾਲ ਦੀਆਂ ਲਾਗਤਾਂ ਘਟਾਉਣੀਆਂ ਸਾਡੇ ਕੰਟਰੋਲ ਵਿੱਚ ਹਨ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| ਸਥਾਨਕ ਤੌਰ 'ਤੇ, ਸਾਨੂੰ ਆਪਣੀਆਂ ਚੋਣਾਂ ਨੂੰ ਖ਼ਾਸ ਹਿੱਤਾਂ ਰਾਹੀਂ ਖ਼ਰੀਦਣ ਤੋਂ ਬਚਾਉਣਾ ਚਾਹੀਦਾ ਹੈ। ਪਿਛਲੇ ਸਾਲ, ਰਿਅਲ ਐਸਟੇਟ ਡਿਵੈਲਪਰਾਂ ਨੇ ਇੱਕ ਨਕਲੀ ਚੋਣ-ਪ੍ਰਚਾਰ 'ਤੇ $70K ਖ਼ਰਚ ਕੀਤੇ ਸੀ, ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਮੇਰੇ ਖ਼ਿਲਾਫ਼ ਬੇਬੁਨਿਆਦ ਹਮਲੇ ਕੀਤੇ ਸੀ। ਲਾਬਿਸਟਾਂ (ਪੱਖ ਜੁਟਾਉਣ ਵਾਲਿਆਂ) ਅਤੇ ਉਹਨਾਂ ਦੇ ਕਲਾਇੰਟਾਂ ਨੂੰ ਚੋਣ ਅਤੇ ਸਰਕਾਰ ਤੋਂ ਦੂਰ ਰੱਖਣਾ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

# ਸਿਟੀ ਕੌਂਸਲ ਡਿਸਟ੍ਰਿਕਟ 2

ਲੋਕਰਾਜੀ

- ਕੈਰਲੀਨਾ ਰਿਵੇਰਾ ✓
- ਐਲੀ L ਰਿਆਨ ✓

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 37 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਕੈਰਲੀਨਾ ਰਿਵੇਰਾ ✓

ਲੋਕਰਾਜੀ

**ਮੁੱਖ 3 ਮਸਲੇ:**

1. ਬੁਨਿਆਦੀ ਜ਼ਰੂਰਤਾਂ ਲਈ ਕਿਫ਼ਾਇਤਸ਼ਾਰੀ ਦਾ ਪਸਾਰ ਕਰਨਾ
2. ਸਮੁੱਚੇ ਆਰਥਕ ਵਾਧੇ ਵਿੱਚ ਪੂੰਜੀ ਲਾਉਣੀ
3. ਇੱਕ ਸਾਫ਼-ਸੁਥਰਾ ਅਤੇ ਹਰਿਆਵਲ ਸ਼ਹਿਰ

*"ਸੈਕਸ਼ਨ 8 ਰਿਹਾਇਸ਼ ਵਿੱਚ ਜ਼ਿੰਦਗੀ ਭਰ ਲਈ ਨਿਊਯਾਰਕ ਦੇ ਇੱਕ ਵਸਨੀਕ ਵਜੋਂ, ਮੈਂ ਆਪਣੇ ਗੁਆਂਢੀਆਂ ਦੀ ਜੱਦੋ-ਜਹਿਦ ਨੂੰ ਸਮਝਦੀ ਹਾਂ। ਕਿਫ਼ਾਇਤੀ ਰਿਹਾਇਸ਼ ਤੋਂ ਬੱਚੇ ਦੀ ਪੈਦਾਇਸ਼ ਸਬੰਧੀ ਹੱਕਾਂ ਤੋਂ ਲੈਕੇ ਜਲਵਾਯੂ-ਸੰਕਟ ਤੱਕ ਮੇਰਾ ਸਿੱਟਿਆਂ ਦਾ ਰਿਕਾੱਰਡ ਹੈ। ਮੈਂ ਸਿਹਤ ਸੰਭਾਲ, ਜਨਤਕ ਸੁਰੱਖਿਆ ਅਤੇ ਢੁਕਵੇਂ ਆਰਥਕ ਵਾਧੇ ਨੂੰ ਬਣਾਈ ਰੱਖਣ ਲਈ ਫਿਰ ਤੋਂ ਚੋਣ ਲੜ ਰਹੀ ਹਾਂ। ਮੈਂ ਉਹਨਾਂ ਸੇਵਾਵਾਂ ਦਾ ਪਸਾਰ ਕਰਦੀ ਰਹਾਂਗੀ, ਜਿਹਨਾਂ ਦੀ ਉਮੀਦ ਤੁਸੀਂ ਇਸ ਸ਼ਹਿਰ ਤੋਂ ਕਰਦੇ ਹੋ, ਜਿਵੇਂ ਸੁਰੱਖਿਅਤ, ਸਾਫ਼-ਸੁਥਰੀਆਂ ਸੜਕਾਂ, ਉਪਲਬਧ ਪਾਰਕਾਂ ਅਤੇ ਮਾਣਮੱਤੀ ਰਿਹਾਇਸ਼।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਲੈਜਿਸਲੇਟਿਵ ਡਾਇਰੈਕਟਰ, ਕੌਂਸਲਵੂਮੈਨ ਰੋਜ਼ੀ ਮੈਂਡੇਜ਼; ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਡਾਇਰੈਕਟਰ, ਗੁੱਡ ਓਲਡ ਲੋਅਰ ਈਸਟ ਸਾਈਡ; ਪ੍ਰੋਗਰਾਮ ਸਹਾਇਕ, ਨਿਊਯਾਰਕ ਲਈ ਲਾੱਇਰਜ਼ ਅਲਾਇੰਸ

**ਸਿੱਖਿਆ:** ਪੱਤਰਕਾਰੀ ਵਿੱਚ BA, ਮੈਰਿਸਟ ਕਾੱਲਿਜ

**ਸੰਸਥਾਗਤ ਸਬੰਧ:** ਲਿੰਗ-ਬਰਾਬਰੀ ਬਾਰੇ ਕਮਿਸ਼ਨ; ਸਥਾਨਕ ਡੈਮੋਕ੍ਰੈਟਿਕ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** ਡੈਮੋਕ੍ਰੈਟਿਕ ਡਿਸਟ੍ਰਿਕਟ ਲੀਡਰ, 74ਵੀਂ ਅਸੈਂਬਲੀ ਡਿਸਟ੍ਰਿਕਟ; ਮੈਨਹੱਟਨ ਭਾਈਚਾਰੇ ਸਬੰਧੀ ਬੋਰਡ 3

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਐਲੀ L ਰਿਆਨ

ਲੋਕਰਾਜੀ

**ਮੁੱਖ 3 ਮਸਲੇ:**

1. ਛੋਟੇ ਕਾਰੋਬਾਰ ਅਤੇ ਨੌਕਰੀਆਂ ਬਚਾਉਣੀਆਂ
2. ਸੁਣਨਾ ਅਤੇ ਭਾਈਚਾਰੇ ਦੀ ਸੇਵਾ ਕਰਨੀ
3. ਕਿਫ਼ਾਇਤੀ ਰਿਹਾਇਸ਼ ਸੰਭਾਲਣੀ/NYCHA

*"ਮੈਂ ਸਿਟੀ ਕੌਂਸਲ ਲਈ ਈਸਟ ਵਿਲੇਜ, ਲੋਅਰ ਈਸਟ ਸਾਈਡ, ਨੋਹੋ, ਗ੍ਰੀਨਵਿਚ ਵਿਲੇਜ, ਯੂਨੀਅਨ ਸਕੁਏਅਰ, ਕਿਪਸ ਬੇਅ ਅਤੇ ਗ੍ਰੈਮਰਸੀ ਲਈ ਚੋਣ ਲੜ ਰਹੀ ਹਾਂ, ਕਿਉਂਕਿ ਮੈਂ ਉਹਨਾਂ ਕਈ ਲੋਕਾਂ ਵਿੱਚੋਂ ਇੱਕ ਹਾਂ, ਜੋ ਸਾਡੇ ਮੌਜੂਦਾ ਕੌਂਸਲ ਮੈਂਬਰਾਂ ਵਲੋਂ ਮੰਜ਼ੂਰ ਕੀਤੀਆਂ ਗਈਆਂ ਪਾੱਲਿਸੀਆਂ ਕਰਕੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਜਿਵੇਂ ਈਸਟ ਸਾਈਡ ਕੋਸਟਲ ਰੀਜ਼ਿਲੀਐਂਸੀ ਪ੍ਰੋਜੈਕਟ ਕਰਕੇ ਤਬਾਹੀ ਅਤੇ ਜੰਗਲਾਂ ਦੀ ਕਟਾਈ ਅਤੇ ਛੋਟੇ ਕਾਰੋਬਾਰਾਂ ਨੂੰ ਪਹੁੰਚਿਆਂ ਨੁਕਸਾਨ।"*

**ਮੌਜੂਦਾ ਕੰਮ-ਧੰਦਾ:** ਮਾਂ, ਭਾਈਚਾਰਕ ਕਾਰਕੁਨ, ਡਾੱਕਿਉਮੈਂਟਰੀ ਫ਼ਿਲਮ ਪ੍ਰੋਡਿਉਸਰ

**ਪਿਛਲਾ ਕੰਮ-ਧੰਦਾ:** ਆਰਟਿਸਟ, ਆਰਕਿਵਿਸਟ

**ਸਿੱਖਿਆ:** ਮੈਰੀ ਬਾਲਡਵਿਨ ਕਾੱਲਿਜ, ਦਿ ਸਕੂਲ ਆੱਫ਼ ਦਿ ਆਰਟ ਇੰਸਟੀਚਿਉਟ ਆੱਫ਼ ਸ਼ਿਕਾਗੋ

**ਸੰਸਥਾਗਤ ਸਬੰਧ:** ਮੈਟ੍ਰੋ ਏਰੀਆ ਗਵਰਨਰਸ ਆਈਲੈਂਡ ਕੁਲੀਸ਼ਨ, ਈਸਟ ਰਿਵਰ ਪਾਰਕ ਐਕਸ਼ਨ, ਸਿਟੀਵਾਈਡ ਪੀਪਲਜ਼ ਲੈਂਡ ਯੂਜ਼ ਅਲਾਇੰਸ, CUE-UP NYC, LUNGS, ਮੈਨਹੱਟਨ ਦੇ ਛੋਟੇ ਕਾਰੋਬਾਰਾਂ ਨੂੰ ਬਚਾਉਣ ਲਈ ਗਠਜੋੜ, ਫ੍ਰੈਂਡਜ਼ ਆੱਫ਼ ਟੌਂਪਕਿਨਸ ਸਕੁਏਅਰ ਪਾਰਕ

**ਪਹਿਲਾਂ ਦਾ ਸਰਕਾਰੀ ਅਨੁਭਵ:** ਸਕੂਲ ਲੀਡਰਸ਼ਿਪ ਟੀਮ ਪੇਰੇਂਟ ਮੈਂਬਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਆਪਣੀ ਵੋਟ-ਪਰਚੀ ਦਾ ਪਲਾਨ ਬਣਾਓ

**ਕੀ ਤੁਸੀਂ ਆਪਣੇ ਉਮੀਦਵਾਰਾਂ ਦੀ ਚੋਣ ਕਰਨੀ ਬੰਦ ਕਰ ਦਿੱਤੀ ਹੈ? ਆਪਣੀ ਵੋਟਾਂ ਪੈਣ ਦੀ ਥਾਂ 'ਤੇ ਆਪਣੇ ਨਾਲ ਆਪਣੀਆਂ ਤਸਵੀਰਾਂ ਲਿਜਾਣ ਲਈ ਸੇਵ ਕਰੋ!**

**ਇੱਥੇ ਸਕੈਨ ਕਰੋ ਜਾਂ punjabi.nycvotes.org/plan-your-ballot 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਕੈਰਲੀਨਾ ਰਿਵੇਰਾ** ✓<br>ਲੋਕਰਾਜੀ | **ਐਲੀ L ਰਿਆਨ** ✓<br>ਲੋਕਰਾਜੀ |
|---|---|---|
| ਅਪਰਾਧ | ਨਿਊਯਾਰਕ ਦੇ ਹਰ ਵਸਨੀਕ ਨੂੰ ਆਪਣੇ ਭਾਈਚਾਰੇ ਅਤੇ ਆਪਣੇ ਘਰ ਵਿੱਚ ਸੁਰੱਖਿਅਤ ਮਹਿਸੂਸ ਕਰਨ ਦਾ ਹੱਕ ਹੈ। ਫ਼ੌਜਦਾਰੀ ਨਿਆ ਬਾਰੇ ਕੌਂਸਲ ਕਮੇਟੀ ਦੀ ਪ੍ਰਧਾਨ ਹੋਣ ਵਜੋਂ, ਮੈਂ ਇੱਕ ਆਮ ਸਮਝ ਵਾਲੀ ਪਹੁੰਚ ਅਪਣਾਉਣ ਲਈ ਵਚਨਬੱਧ ਹਾਂ, ਜਿਸ ਵਿੱਚ ਭਾਈਚਾਰਕ-ਪੱਧਰ ਦੇ ਪ੍ਰੋਗਰਾਮਾਂ ਅਤੇ ਹਿੰਸਾ ਵਿੱਚ ਅੜਿੱਕਾ ਪਾਉਣ ਵਾਲੀ ਲੰਮੇ ਸਮੇਂ ਦੀ ਸੁਰੱਖਿਆ 'ਤੇ ਧਿਆਨ ਦੇਣ ਵਾਲੇ ਸ਼ਾਮਿਲ ਹਨ। | ਲੋਅਰ ਈਸਟ ਸਾਈਡ ਦੇ ਕਈ ਵਸਨੀਕ ਅਜੇ ਵੀ 9ਵੀਂ ਪ੍ਰਿਸਿੰਕਟ ਦੇ ਪਿਛਲੇ ਭ੍ਰਸ਼ਟਾਚਾਰ, ਟੌਂਪਕਿਨਸ ਸਕੁਏਅਰ ਪਾਰਕ ਦੇ ਫ਼ਸਾਦਾਂ ਅਤੇ ਅਜ਼ਾਦ ਵਿਧਾਨਸਭਾ 'ਤੇ ਕੀਤੀ ਗਈ ਕਾਰਵਾਈ ਨੂੰ ਯਾਦ ਕਰਦੇ ਹਨ। ਫਿਰ ਵੀ, ਬਹੁਤ ਸਾਰੇ ਵਸਨੀਕ ਮੈਨੂੰ ਦੱਸਦੇ ਹਨ ਕਿ ਉਹ ਅਸੁਰੱਖਿਅਤ ਮਹਿਸੂਸ ਕਰਦੇ ਹਨ ਅਤੇ ਅੱਗੇ ਵਧਣਾ ਚਾਹੁੰਦੇ ਹਨ ਅਤੇ NYPD ਨਾਲ ਸਬੰਧ ਸੁਧਾਰਣਾ ਚਾਹੁੰਦੇ ਹਨ। |
| ਮਹਿੰਗਾਈ | ਨਿਊਯਾਰਕ ਸਾਲਾਂ ਤੋਂ ਆਮ ਲੋਕਾਂ ਦੀ ਪੁੱਜਤ ਤੋਂ ਬਾਹਰ ਰਿਹਾ ਹੈ, ਪਰ ਹਾਲੀਆ ਮਹਿੰਗਾਈ ਨੇ ਇਸ ਹਾਲਤ ਨੂੰ ਹੋਰ ਬਦਤਰ ਬਣਾ ਦਿੱਤਾ ਹੈ। ਮੈਨੂੰ, ਕੀਮਤ ਵਿਚਲੇ ਵਾਧੇ ਨੂੰ ਰੋਕਣ, ਕੰਮਕਾਜੀ ਪਰਿਵਾਰਾਂ ਤੱਕ ਹੋਰ ਚੀਜ਼ਾਂ ਪਹੁੰਚਣ ਅਤੇ ਸਭ ਲਈ ਇੱਕ ਵੱਧ ਕਿਫ਼ਾਇਤੀ, ਸਿਰਫ਼ ਸ਼ਹਿਰ ਬਣਾਉਣ ਲਈ ਵੱਡੀਆਂ ਕਾਰਪੋਰੇਸ਼ਨਾਂ ਅਤੇ ਵੱਡੇ ਖ਼ਾਸ ਹਿੱਤਾਂ ਨਾਲ ਖੜ੍ਹੇ ਹੋਣ 'ਤੇ ਮਾਣ ਹੈ। | ਸਿਟੀ ਹਾਲ ਨੂੰ ਅਮੀਰ ਆਰਥਕ ਪਾੱਲਿਸੀ ਦੀ ਹਿਮਾਇਤ ਵਿੱਚ ਖੜ੍ਹਾ ਹੋਕੇ ਰਹਿਣ-ਸਹਿਣ ਦੀ ਉੱਚੀ ਲਾਗਤ ਲਈ ਵੱਡਾ ਜ਼ਿੰਮੇਵਾਰ ਮੰਨਿਆ ਜਾਂਦਾ ਹੈ, ਜਿਸ ਨੇ ਕੁਝ ਲੋਕਾਂ ਨੂੰ ਹੀ ਅਮੀਰ ਬਣਾਇਆ ਹੈ। ਇਸਦਾ ਨਤੀਜਾ ਕਿਰਾਏ ਅਸਮਾਨ ਛੂਹ ਰਹੇ ਹਨ, ਹਰ ਚੀਜ਼ ਦੀ ਲਾਗਤ ਵਧ ਰਹੀ ਹੈ। ਟ੍ਰਿਕਲ ਡਾਉਨ ਆਰਥਿਕਤਾ ਨੂੰ ਛੋਟੇ ਕਾਰੋਬਾਰ ਨਾਲ ਜੁੜੇ ਅਰਥਚਾਰੇ ਰਾਹੀਂ ਬਦਲਿਆ ਜਾਣਾ ਚਾਹੀਦਾ ਹੈ। |
| ਲੋਕਰਾਜ ਦੀ ਰਾਖੀ ਕਰਨਾ | US ਵਿਚਲੇ ਕੱਟੜਪੰਥੀ ਸਾਡੇ ਲੋਕਰਾਜ ਨੂੰ ਢਾਹ ਲਾ ਰਹੇ ਹਨ। ਨਿਊਯਾਰਕ ਦੇ ਵਸਨੀਕ ਖ਼ਤਰਨਾਕ ਘੱਟ ਗਿਣਤੀਆਂ ਨੂੰ ਬਹੁਤੇ ਲੋਕਾਂ 'ਤੇ ਹਕੂਮਤ ਕਰਨ ਦੀ ਮੰਜ਼ੂਰੀ ਨਹੀਂ ਦੇਣਗੇ। ਮੈਂ ਗ਼ਲਤ ਜਾਣਕਾਰੀ ਦਾ ਮੁਕਾਬਲਾ ਕਰਨ, ਵੋਟਿੰਗ ਦਾ ਹੱਕ ਦੀ ਰਾਖੀ ਕਰਨ ਅਤੇ ਸਾਡੀਆਂ ਕਦਰਾਂ-ਕੀਮਤਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਦਾ ਧਿਆਨ ਦਿਵਾਉਣ ਲਈ ਮੁਕਾਬਲਾ ਕਰਨ ਵਾਸਤੇ ਆਪਣੇ ਹਰ ਜ਼ਰੀਏ ਦੀ ਵਰਤੋਂ ਕਰਨ ਲਈ ਵਚਨਬੱਧ ਹਾਂ। | ਪੁਸ਼ਟੀਆਂ ਤੋਂ ਪਤਾ ਚੱਲਦਾ ਹੈ ਕਿ ਪੈਰਵੀ ਕਰਨ ਵਾਲਿਆਂ ਦੀ ਸਿਟੀ ਕੌਂਸਲ ਮੈਂਬਰਾਂ ਤੱਕ ਪਹੁੰਚ ਹੈ, ਕਿਉਂਕਿ ਵਸਨੀਕ ਸਹਿਮਤ ਨਹੀਂ ਹਨ ਅਤੇ ਜਨਤਕ ਸੁਣਵਾਈ ਵਿੱਚ ਬਦਲਵੇਂ ਪਲਾਨਾਂ ਦੀ ਪੇਸ਼ਕਸ਼ ਕਰਨ ਦੇ ਬਾਵਜੂਦ, ਕੌਂਸਲ ਮੈਂਬਰ ਪੈਰਵੀ ਕਰਨ ਵਾਲਿਆਂ ਵਲੋਂ ਬਣਾਈ ਗਈ ਰੀਜ਼ੋਨਿੰਗ ਅਤੇ ਕਾਨੂੰਨ ਨੂੰ ਮੰਜ਼ੂਰੀ ਦਿੰਦੇ ਹਨ। ਪਬਲਿਕ ਸੇਵਕਾਂ ਨੂੰ ਜਵਾਬਦੇਹ ਹੋਣਾ ਚਾਹੀਦਾ ਹੈ ਅਤੇ ਵਸਨੀਕਾਂ ਦੀ ਸੇਵਾ ਕਰਨੀ ਚਾਹੀਦੀ ਹੈ ਨਾ ਕਿ ਲਾੱਬਿਸਟਾਂ (ਪੱਖ ਜੁਟਾਉਣ ਵਾਲਿਆਂ) ਦੀ। |

# ਤਰਜੀਹੀ ਵੋਟਿੰਗ ਦੀ ਪ੍ਰੈਕਟਿਸ ਕਰਨੀ

ਸਾਡੀ ਔਨਲਾਈਨ ਪ੍ਰੈਕਟਿਸ ਵਾਲ਼ੀ ਵੋਟ-ਪਰਚੀ 'ਤੇ ਆਪਣੀ ਪਸੰਦ ਦੀ ਰੈਂਕਿੰਗ ਦੀ ਕੋਸ਼ਿਸ਼ ਕਰੋ! ਜੇ ਤੁਹਾਡੀ ਵੋਟ-ਪਰਚੀ ਸਹੀ ਢੰਗ ਨਾਲ ਭਰੀ ਗਈ ਹੈ ਜਾਂ ਜੇ ਤੁਹਾਡੇ ਤੋਂ ਗ਼ਲਤੀ ਹੋਈ ਹੈ, ਤਾਂ ਉਸ ਨੂੰ ਕਿਵੇਂ ਦਰੁਸਤ ਕਰੋ, ਬਾਰੇ ਅਸੀਂ ਤੁਹਾਨੂੰ ਦੱਸਾਂਗੇ।

ਇੱਥੇ ਸਕੈਨ ਕਰੋ ਜਾਂ **punjabi.nycvotes.org/practice-ballot** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 3, 4, 5 ਅਤੇ 6 ਵਿੱਚ ਪ੍ਰਮੁੱਖ ਚੋਣਾਂ ਨਹੀਂ ਹਨ

**ਪ੍ਰਮੁੱਖ ਚੋਣਾਂ ਉਦੋਂ ਹੀ ਹੁੰਦੀਆਂ ਹਨ, ਜਦੋਂ ਉਹਨਾਂ ਦੀ ਪਾਰਟੀ ਦੀ ਨਾਮਜ਼ਦਗੀ ਲਈ ਇੱਕ ਤੋਂ ਵੱਧ ਉਮੀਦਵਾਰ ਚੋਣ ਲੜਦੇ ਹਨ। ਹਾਲਾਂਕਿ, ਨਵੰਬਰ ਵਿੱਚ ਸਿਟੀ ਕੌਂਸਲ ਡਿਸਟ੍ਰਿਕਟ ਲਈ ਆਮ ਚੋਣਾਂ ਕਰਾਈਆਂ ਜਾਣਗੀਆਂ।**

## ਫ਼ਾੱਲੋ ਕਰੋ NYC Votes

**ਸਾਰੀਆਂ ਹਾਲੀਆ ਚੋਣ ਅਪਡੇਟਸ ਲਈ, ਤੁਸੀਂ NYC Votes ਫ਼ਾੱਲੋ ਕਰ ਸਕਦੇ ਹੋ**

**@nycvotes**

# ਉਮੀਦਵਾਰਾਂ ਦੀ ਤੁਲਨਾ ਕਰਨੀ

ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ।

ਇੱਥੇ ਸਕੈਨ ਕਰੋ ਜਾਂ **punjabi.nycvotes.org/compare** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 7

ਲੋਕਰਾਜੀ

- ਸ਼ੌਣ ਐਬ੍ਰਿਉ ✓
- ਕੀਥ ਹੈਰਿਸ*

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 37 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਕਰਨ ਲਈ ਸਮੇਂ ਸਿਰ ਭਰਿਆ ਹੋਇਆ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ ਸੀ।



## ਸ਼ੌਣ ਐਬ੍ਰਿਉ ✓

ਲੋਕਰਾਜੀ

**ਮੁੱਖ 3 ਮਸਲੇ:**

1. ਕਿਫਾਇਤੀ ਰਿਹਾਇਸ਼ ਤੱਕ ਪਹੁੰਚ ਦਾ ਵਿਸਥਾਰ ਕਰਨਾ।
2. ਚੂਹਿਆਂ, ਰੱਦੀ, ਅਤੇ ਪੈੜ ਨਾਲ ਨਜਿੱਠਣਾ।
3. ਸਕੂਲਾਂ ਅਤੇ ਕਾਨੂੰਨੀ ਸੇਵਾਵਾਂ ਲਈ ਫੰਡਿੰਗ।

*"ਮੈਂ ਉਸ ਥਾਂ ਦੀ ਨੁਮਾਇੰਦਗੀ ਕਰਦੇ ਰਹਿਣ ਲਈ ਫਿਰ ਤੋਂ ਚੋਣ ਲੜ ਰਿਹਾ ਹਾਂ, ਜਿਸਨੂੰ ਮੈਂ ਜਾਣਦਾ ਹਾਂ ਅਤੇ ਆਪਣੀ ਸਾਰੀ ਉਮਰ ਉਸ ਨਾਲ ਪਿਆਰ ਕੀਤਾ ਹੈ। ਮੇਰੀ ਪਰਵਰਿਸ਼ ਵੈਸਟ ਸਾਈਡ ਅਤੇ ਵਾੱਸ਼ਿੰਗਟਨ ਹਾਈਟਸ ਵਿੱਚ ਹੋਈ ਹੈ ਅਤੇ ਮੈਂ ਕਿਰਾਏਦਾਰਾਂ ਦੇ ਹੱਕਾਂ ਬਾਰੇ ਵਕੀਲ ਦੇ ਤੌਰ 'ਤੇ ਆਪਣੇ ਭਾਈਚਾਰਿਆਂ ਦਾ ਬਚਾਅ ਕਰਦਿਆਂ ਆਪਣਾ ਕੈਰੀਅਰ ਬਣਾਇਆ ਹੈ। ਟੀ ਕੌਂਸਲ ਵਿੱਚ ਸ਼ਾਮਿਲ ਹੋਣ ਤੋਂ ਬਾਅਦ, ਮੈਂ ਕਿਫ਼ਾਇਤੀ ਰਿਹਾਇਸ਼, ਬੰਦੂਕ ਨਾਲ ਹੋਣ ਵਾਲੀ ਹਿੰਸਾ ਦੀ ਰੋਕਥਾਮ, ਆਪਣੀਆਂ ਹਰਿਆਵਲ ਥਾਵਾਂ ਨੂੰ ਬਣਾਈ ਰੱਖਣ, ਪੈਦਲ ਚੱਲਣ ਵਾਲਿਆਂ ਲਈ ਸੁਰੱਖਿਅਤ ਸੜਕਾਂ ਅਤੇ ਸ਼ਹਿਰ ਦੀਆਂ ਮੁੱਖ ਸੇਵਾਵਾਂ ਲਈ ਫ਼ੰਡ ਲਈ ਜੱਦੋ-ਜਹਿਦ ਕੀਤੀ ਹੈ। ਜੰਗ ਜਾਰੀ ਰੱਖਣੀ ਮਾਣ ਵਾਲੀ ਗੱਲ ਹੋਏਗੀ।"*

**ਮੌਜੂਦਾ ਕੰਮ-ਧੰਦਾ:** ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਕਿਰਾਏਦਾਰਾਂ ਦੇ ਹੱਕਾਂ ਬਾਰੇ ਵਕੀਲ

**ਪੜ੍ਹਾਈ:** JD, ਤੁਲਾਨੇ ਯੂਨੀਵਰਸਿਟੀ; BA, ਕੋਲੰਬੀਆ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਸਾਬਕਾ ਮੈਂਬਰ, ਮੈਨਹੱਟਨ ਭਾਈਚਾਰੇ ਸਬੰਧੀ ਬੋਰਡ 9

**ਪਹਿਲਾਂ ਦਾ ਸਰਕਾਰੀ ਅਨੁਭਵ:** ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਸ਼ੌਣ ਐਬ੍ਰਿਉ** ✓<br>ਲੋਕਰਾਜੀ | **ਕੀਥ ਹੈਰਿਸ***<br>ਲੋਕਰਾਜੀ |
|---|---|---|
| ਅਪਰਾਧ | ਸਾਨੂੰ ਜੁਰਮ ਨਾਲ ਵਿਆਪਕ ਤਰੀਕੇ ਨਾਲ ਨਜਿੱਠਣ ਦੀ ਲੋੜ ਹੈ – ਇਸ ਵਿੱਚ ਕਿਫ਼ਾਇਤੀ ਅਤੇ ਸਹਾਇਕ ਰਿਹਾਇਸ਼ ਦਾ ਪਸਾਰ, ਮਾਨਸਿਕ ਸਿਹਤ ਸੇਵਾਵਾਂ ਅਤੇ ਸਟੈਬਲਾਈਜ਼ੇਸ਼ਨ ਬੈਡ, ਯੂਥ ਪ੍ਰੋਗਰਾਮਿੰਗ ਅਤੇ ਹਿੰਸਕ ਜੁਰਮ ਨੂੰ ਨਿਸ਼ਾਨਾ ਬਣਾਉਣ ਵਾਸਤੇ NYPD ਲਈ ਸ੍ਰੋਤ ਸ਼ਾਮਿਲ ਹਨ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| ਮਹਿੰਗਾਈ | ਮੈਂ ਮਹਿੰਗਾਈ ਦੀ ਸਮੱਸਿਆ ਨੂੰ ਹੱਲ ਕਰਨ ਅਤੇ ਓਥੇ ਲਾਗਤਾਂ ਨੂੰ ਘਟਾਉਣ ਦੇ ਉਦੇਸ਼ ਵਾਲੇ ਪ੍ਰੋਗਰਾਮਾਂ ਵਿੱਚ ਨਿਵੇਸ਼ਾਂ ਦਾ ਸਮਰਥਨ ਕਰਦਾ ਹਾਂ ਜਿੱਥੇ ਨਿਊ ਯਾਰਕ ਵਾਸੀ ਸਭ ਤੋਂ ਵੱਧ ਮਹਿੰਗਾਈ ਦਾ ਬੋਝ ਮਹਿਸੂਸ ਕਰਦੇ ਹਨ, ਇਸ ਵਿੱਚ ਰਿਹਾਇਸ਼, ਭੋਜਨ ਅਤੇ ਆਵਾਜਾਈ ਦੇ ਖੇਤਰ ਵੀ ਸ਼ਾਮਲ ਹਨ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| ਲੋਕਰਾਜ ਦੀ ਰਾਖੀ ਕਰਨਾ | ਸਾਨੂੰ ਲੋਕਾਂ ਲਈ ਵੋਟ ਪਾਉਣਾ ਆਸਾਨ ਬਣਾਉਣ ਦੀ ਲੋੜ ਹੈ। ਮੈਂ ਉਸੇ ਦਿਨ ਦੀ ਰਜਿਸਟ੍ਰੇਸ਼ਨ, ਸ਼ੁਰੂਆਤੀ ਵੋਟਿੰਗ ਨੂੰ ਕਾਇਮ ਰੱਖਣ, ਅਤੇ ਵੋਟਰਾਂ ਨੂੰ ਰਜਿਸਟਰ ਕਰਨ ਵਾਲੀਆਂ ਸੰਸਥਾਵਾਂ ਲਈ ਫੰਡਿੰਗ ਦਾ ਸਮਰਥਨ ਕਰਦਾ ਹਾਂ। ਲੋਕਤੰਤਰ ਨੂੰ ਬਚਾਉਣ ਲਈ ਸਾਨੂੰ ਲੋਕਤੰਤਰੀ ਪ੍ਰਕਿਰਿਆ ਦੀ ਰਾਖੀ ਕਰਨੀ ਚਾਹੀਦੀ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

# ਸਿਟੀ ਕੌਂਸਲ ਡਿਸਟ੍ਰਿਕਟ 8

ਲੋਕਰਾਜੀ

- ਡਿਆਨਾ I ਅਯਾਲਾ ✓
- ਐਨਟੌਇਨੈਟ ਗਲੋਵਰ*

✓ ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 37 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

*ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਕਰਨ ਲਈ ਸਮੇਂ ਸਿਰ ਭਰਿਆ ਹੋਇਆ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ ਸੀ।

---



## ਡਿਆਨਾ I ਅਯਾਲਾ ✓

ਲੋਕਰਾਜੀ

**ਮੁੱਖ 3 ਮਸਲੇ:**

1. ਕਿਫ਼ਾਇਤੀ ਰਿਹਾਇਸ਼ ਦਾ ਬਚਾਅ ਕਰਨਾ ਅਤੇ ਪਸਾਰ ਕਰਨਾ
2. ਮਾਨਸਿਕ ਸਿਹਤ ਅਤੇ ਫ਼ੌਜਦਾਰੀ ਨਿਆ
3. ਕਿਰਤੀਆਂ ਦਾ ਵਿਕਾਸ

*"ਸਾਊਥ ਬ੍ਰੌਂਕਸ ਅਤੇ ਈਸਟ ਹਾਰਲੈਮ ਭਾਈਚਾਰਾ ਜੂਝ ਰਿਹਾ ਹੈ ਅਤੇ ਉਹਨਾਂ ਨੂੰ ਲਗਾਤਾਰ ਅਜਿਹੀ ਅਗਵਾਈ ਦੀ ਲੋੜ ਹੈ, ਜੋ ਉਹਨਾਂ ਨੂੰ ਅੱਗੇ ਰੱਖੇ। ਮੌਜੂਦਾ ਨੁਮਾਇੰਦੇ ਵਜੋਂ, ਮੈਂ ਡਿਸਟ੍ਰਿਕਟ ਨੂੰ ਬਹੁਤ ਜ਼ਿਆਦਾ ਲੋੜੀਂਦੇ ਸ੍ਰੋਤ ਦੇਣ ਲਈ ਸਖ਼ਤ ਜੱਦੋ-ਜਹਿਦ ਕੀਤੀ ਹੈ ਅਤੇ ਅਗਲੇ 2 ਸਾਲਾਂ ਦੌਰਾਨ ਅਜਿਹਾ ਕਰਨਾ ਜਾਰੀ ਰੱਖਣ ਦੀ ਉਮੀਦ ਕਰਦਾ ਹਾਂ "*

**ਮੌਜੂਦਾ ਕੰਮ-ਧੰਦਾ:** ਪੂਰੇ ਸਮੇਂ ਦਾ ਉਮੀਦਵਾਰ

**ਪਿਛਲਾ ਕੰਮ-ਧੰਦਾ:** ਡਿਪਟੀ ਚੀਫ਼ ਆੱਫ਼ ਸਟਾਫ਼ ਤੋਂ ਸਿਟੀ ਕੌਂਸਲ ਮੈਂਬਰ ਮੈਲਿਸਾ ਮਾਰਕ-ਵਿਵਰੀਟੋ, ਕਾਰਵਰ ਹਾਊਸਿਜ਼ ਸੀਨੀਅਰ ਸੈਂਟਰ, ਡਾਇਰੈਕਟਰ, ਕੌਰਸੀ ਹਾਊਸ ਵਿਖੇ ਕੇਸਵਰਕਰ

**ਪੜ੍ਹਾਈ:** A. D. ਮਨੁੱਖੀ ਸੇਵਾਵਾਂ

**ਸੰਸਥਾਗਤ ਸਬੰਧ:** ਲਾਗੂ ਨਹੀਂ

**ਪਹਿਲਾਂ ਦਾ ਸਰਕਾਰੀ ਅਨੁਭਵ:** ਲਾਗੂ ਨਹੀਂ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਡਿਆਨਾ I ਅਯਾਲਾ** ✓<br>ਲੋਕਰਾਜੀ | **ਐਨਟੌਇਨੈਟ ਗਲੋਵਰ***<br>ਲੋਕਰਾਜੀ |
|---|---|---|
| ਅਪਰਾਧ | ਸਾਲਾਂ ਦੀ ਡਿਸਇੰਵੈਸਟਮੈਂਟ ਜੁਰਮ ਦਾ ਇੱਕ ਲੱਛਣ ਹੈ। ਜੁਰਮ ਨਾਲ ਨਜਿੱਠਣ ਲਈ, ਸਾਨੂੰ ਮੂਲ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਦੀ ਲੋੜ ਹੈ। ਸਾਨੂੰ ਕਿਰਤੀਆਂ ਦੇ ਵਿਕਾਸ ਲਈ ਢੁਕਵੇਂ ਫ਼ੰਡ ਦੇਣ ਅਤੇ ਮੱਧ ਵਰਗ ਲਈ ਵੀ ਬਹੁਤ ਕੁਝ ਕਰਨ ਦੀ ਲੋੜ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| ਮਹਿੰਗਾਈ | ਵਧ ਰਹੀ ਮਹਿੰਗਾਈ ਦੀਆਂ ਦਰਾਂ ਭੋਜਨ, ਰਿਹਾਇਸ਼, ਈਂਧਣ ਅਤੇ ਹੋਰ ਬਹੁਤ ਕੁਝ ਦੀਆਂ ਵਧ ਰਹੀਆਂ ਲਾਗਤਾਂ ਵਿੱਚ ਨਜ਼ਰ ਆਉਂਦਾ ਹੈ। ਪਰਿਵਾਰ ਭੋਜਨ ਕਰਕੇ ਅਸੁਰੱਖਿਅਤ ਹਨ ਅਤੇ ਆਪਣੀਆਂ ਜ਼ਰੂਰਤਾਂ ਪੂਰੀਆਂ ਨਹੀਂ ਕਰ ਸਕਦੇ। ਸੁਰੱਖਿਆ ਨੈਟ ਸੇਵਾਵਾਂ ਤੱਕ ਅਸਾਨ ਪਹੁੰਚ ਨੂੰ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸਾਡੀ ਹੈ, ਜਿਸ ਨਾਲ ਲੋਕਾਂ ਨੂੰ ਭੋਜਨ ਅਤੇ ਘਰ ਮਿਲਦਾ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| ਲੋਕਰਾਜ ਦੀ ਰਾਖੀ ਕਰਨਾ | ਜੇ ਆਪਣੇ ਲੋਕਰਾਜ ਦੀ ਰਾਖੀ ਕਰਨ ਵਿੱਚ ਸਾਡੀ ਵਾਕਈ ਦਿਲਚਸਪੀ ਹੈ, ਤਾਂ ਸਾਨੂੰ ਆਪਣੇ ਵੋਟਿੰਗ ਵਾਲੇ ਭਾਈਚਾਰਿਆਂ ਦਾ ਭਰੋਸਾ ਹਾਸਿਲ ਕਰਨ ਅਤੇ ਬਣਾਈ ਰੱਖਣ ਦੀ ਲੋੜ ਹੈ। ਭਾਈਚਾਰੇ ਦੀ ਅਗਵਾਈ ਕਰਦਿਆਂ ਹੋਇਆਂ, ਨਿਊਯਾਰਕ ਵਾਸੀਆਂ ਦੀ ਅਵਾਜ਼ ਅਤੇ ਮਸਲਿਆਂ ਨੂੰ ਰੋਜ਼ ਸਾਰਿਆਂ ਦੇ ਸਾਹਮਣੇ ਅਤੇ ਕੇਂਦਰ ਵਿੱਚ ਰੱਖਣਾ ਚਾਹੀਦਾ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

# ਉਮੀਦਵਾਰ ਦੇ ਵੀਡੀਓ ਵੇਖਣੇ

ਉਮੀਦਵਾਰਾਂ ਬਾਰੇ ਹੋਰ ਜਾਣਨ ਲਈ ਸਾਡੀ ਔਨਲਾਈਨ ਵੋਟਰ ਗਾਈਡ 'ਤੇ ਜਾਓ! ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ ਆਪਣਾ ਪਤਾ ਭਰੋ ਅਤੇ ਫਿਰ ਉਮੀਦਵਾਰ ਦੇ ਵੀਡੀਓ ਵੇਖਣ ਲਈ ਉਹਨਾਂ ਦੇ ਪ੍ਰੋਫ਼ਾਈਲ 'ਤੇ ਜਾਓ।

ਇੱਥੇ ਸਕੈਨ ਕਰੋ ਜਾਂ
**punjabi.nycvotes.org/candidates** 'ਤੇ ਜਾਓ

# ਸਿਟੀ ਕੌਂਸਲ ਡਿਸਟ੍ਰਿਕਟ 9

ਲੋਕਰਾਜੀ

- ਇਨੇਜ਼ E ਡਿਕਨਸ
- ਕ੍ਰਿਸਟਨ ਰਿਚਰਡਸਨ ਜਾੱਰਡਨ
- ਯੂਸੁਫ਼ ਸਲਾਮ
- ਅਲ ਟੇਅਲਰ

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 37 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।



## ਇਨੇਜ਼ E ਡਿਕਨਸ

ਲੋਕਰਾਜੀ

**ਮੁੱਖ 3 ਮਸਲੇ:**

1. ਕਿਫ਼ਾਇਤੀ ਰਿਹਾਇਸ਼
2. ਜਨਤਕ ਸੁਰੱਖਿਆ
3. ਸਿੱਖਿਆ

*"ਜ਼ਿੰਦਗੀ ਭਰ ਤੋਂ ਹਾਰਲੈਮ ਦਾ ਵਸਨੀਕ ਹੋਣ ਕਰਕੇ, ਮੈਂ ਆਪਣੀ ਪੂਰੀ ਜ਼ਿੰਦਗੀ ਆਪਣੇ ਭਾਈਚਾਰੇ ਅਤੇ ਆਪਣੀਆਂ ਕਦਰਾਂ-ਕੀਮਤਾਂ ਦੇ ਲੇਖੇ ਲਾ ਦਿੱਤੀ ਹੈ। ਇਹ ਉਹ ਭਾਈਚਾਰਾ ਹੈ, ਜਿਸਨੇ ਮੈਨੂੰ ਇਸ ਸਮੇਂ ਗੁਮਰਾਹ ਨੁਮਾਇੰਦਗੀ, ਜੋ ਸਿਟੀ ਕੌਂਸਲ ਦੀ ਸੱਤਾ ਵਾਲੀ ਸੀਟ 'ਤੇ ਕਬਜ਼ਾ ਕਰੀ ਬੈਠੀ ਹੈ, ਤੋਂ ਹਾਰਲੈਮ, ਈਸਟ ਹਾਰਲੈਮ ਅਤੇ ਮੌਰਨਿੰਗਸਾਈਡ ਹਾਈਟਸ ਦੇ ਗੁਆਂਢਚਾਰੇ ਨੂੰ ਬਚਾਉਣ ਲਈ ਬੁਲਾਇਆ ਹੈ। ਮੈਂ ਆਪਣੀ ਸਮਰੱਥਾ ਨੂੰ ਇੱਕ ਸੁਨਹਿਰੇ ਅਤੇ ਸੁਰੱਖਿਅਤ ਭਵਿੱਖ ਵਲ ਮੋੜਣ ਲਈ ਤਿਆਰ ਹਾਂ।"*

**ਮੌਜੂਦਾ ਕੰਮ-ਧੰਦਾ:** ਨਿਊਯਾਰਕ ਰਾਜ ਵਿਧਾਨ ਸਭਾ ਮੈਂਬਰ

**ਪਿਛਲਾ ਕੰਮ-ਧੰਦਾ:** ਡਿਸਟ੍ਰਿਕਟ 9 ਸਿਟੀ ਕੌਂਸਲ ਮੈਂਬਰ

**ਸਿੱਖਿਆ:** ਹਾੱਵਰਡ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਮਾਰਟਿਨ ਲੂਥਰ ਕਿੰਗ ਜੂਨੀਅਰ, ਡੈਮੋਕ੍ਰੈਟਿਕ ਕਲੱਬ ਅਤੇ NA

**ਪਹਿਲਾਂ ਦਾ ਸਰਕਾਰੀ ਅਨੁਭਵ:** ਨਿਊਯਾਰਕ ਸਿਟੀ ਕੌਂਸਲ, ਨਿਊਯਾਰਕ ਰਾਜ ਵਿਧਾਨ ਸਭਾ।, ਡਿਸਟ੍ਰਿਕਟ ਲੀਡਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਕ੍ਰਿਸਟਨ ਰਿਚਰਡਸਨ ਜਾੱਰਡਨ ✅

ਲੋਕਰਾਜੀ

**ਮੁੱਖ 3 ਮਸਲੇ:**

1. ਵਾਕਈ ਕਿਫ਼ਾਇਤੀ ਰਿਹਾਇਸ਼
2. ਪੁਲਿਸ ਦੀ ਜਵਾਬਦੇਹੀ ਵਿੱਚ ਵਾਧਾ
3. ਵਾਤਾਵਰਣਕ ਨਿਆਂ

*"ਮੇਰਾ ਨਾਂ ਕ੍ਰਿਸਟਨ ਰਿਚਰਡਸਨ ਜਾੱਰਡਨ ਹੈ ਅਤੇ ਮੈਂ 2022 ਤੋਂ ਤੁਹਾਡਾ ਸਿਟੀ ਕੌਂਸਲਮੈਂਬਰ ਰਿਹਾ ਹਾਂ। ਤੁਹਾਡੇ ਸਿਟੀ ਕੌਂਸਲਮੈਂਬਰ ਵਜੋਂ, ਮੈਨੂੰ ਉੱਪਰ ਦਿੱਤੇ ਗਏ ਮਸਲਿਆਂ ਅਤੇ ਹੋਰ ਬਹੁਤ ਸਾਰਿਆਂ ਲਈ ਜੱਦੋ-ਜਹਿਦ ਕਰਨ 'ਤੇ ਮਾਣ ਰਿਹਾ ਹੈ। ਮੈਂ 300 ਤੋਂ ਵੱਧ ਤਜਵੀਜ਼ਸ਼ੁਦਾ ਕਾਨੂੰਨ ਦਾ ਸਹਿ-ਸਪਾਂਸਰ ਹਾਂ, ਭਾਈਚਾਰਕ ਮਸਲਿਆਂ ਨੂੰ ਸਰਗਰਮੀ ਨਾਲ ਹੱਲ ਕਰਨ ਲਈ ਇੱਕ ਵੋਟਰ ਆਉਟਰੀਚ ਟੀਮ ਚਲਾਉਂਦਾ ਹਾਂ ਅਤੇ ਭਾਈਚਾਰੇ ਲਈ, ਭਾਈਚਾਰੇ ਵਾਸਤੇ ਅਤੇ ਭਾਈਚਾਰੇ ਲਈ ਟਾਸਕ ਫ਼ੋਰਸ ਕੰਮ ਕਰਦੀ ਹੈ।"*

**ਮੌਜੂਦਾ ਕੰਮ-ਧੰਦਾ:** ਸਿਟੀ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਅਧਿਆਪਕ, ਕਲਾਕਾਰ, ਲੇਖਕ

**ਸਿੱਖਿਆ:** ਬ੍ਰਾਉਨ ਯੂਨੀਵਰਸਿਟੀ

**ਸੰਸਥਾਗਤ ਸਬੰਧ:** SWER ਗਠਜੋੜ (ਜੰਗ ਰੋਕਣ ਅਤੇ ਨਸਲਪ੍ਰਸਤੀ ਖ਼ਤਮ ਕਰਨ ਲਈ ਹੁਣੇ ਕਾਰਵਾਈ ਕਰੋ), ਭਾਈਚਾਰਕ ਤਬਦੀਲੀ ਲਈ ਐਨਸੈਸਟ੍ਰਲ ਲੈਸਬੀਅਨਸ ਯੂਨਾਇਟਿਡ, ਡੈਮੋਕ੍ਰੈਟਿਕ ਸੋਸ਼ਲਿਸਟਸ ਆੱਫ਼ ਅਮਰੀਕਾ, LT-ਕਾਨੂੰਨ (ਲੈਨੌਕਸ ਟੈਰੇਸ ਟੇਨੇਂਟਸ ਐਸੋਸੀਏਸ਼ਨ) ਅਤੇ ਸੋਕਾ ਗੱਕਾਈ ਇੰਟਰਨੈਸ਼ਨਲ

**ਪਹਿਲਾਂ ਦਾ ਸਰਕਾਰੀ ਅਨੁਭਵ:** ਭਾਈਚਾਰਕ ਆੱਰਗਨਾਈਜ਼ਰ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਯੂਸੁਫ਼ ਸਲਾਮ

ਲੋਕਰਾਜੀ

**ਮੁੱਖ 3 ਮਸਲੇ:**

1. ਹੋਰ ਉਸਾਰੀ ਕਿਫ਼ਾਇਤੀ ਰਿਹਾਇਸ਼
2. ਜੁਰਮ ਦੇ ਰਾਹ ਘਟਾਉਣੇ
3. ਪਬਲਿਕ ਸਕੂਲ ਦੀ ਸਿੱਖਿਆ ਵਿੱਚ ਸੁਧਾਰ ਕਰਨਾ

*"ਇਹ ਚੋਣ-ਪ੍ਰਚਾਰ ਇੱਕ ਛਿਣ ਬਾਰੇ ਨਹੀਂ, ਬਲਕਿ ਇੱਕ ਮੁਹਿੰਮ ਬਾਰੇ ਹੈ। ਇੱਕ ਮੁਹਿੰਮ ਜੋ ਦਰਸਾਉਂਦੀ ਹੈ ਕਿ ਸ਼ਹਿਰ ਕਿੱਥੇ ਤੱਕ ਆਇਆ ਹੈ ਅਤੇ ਕਿੱਥੇ ਤੱਕ ਜਾਏਗਾ। ਮੈਂ ਹਾਰਲੈਮ ਦਾ ਪੁੱਤਰ ਹਾਂ ਅਤੇ ਆਪਣੇ ਭਾਈਚਾਰੇ ਦੀ ਸੇਵਾ ਕਰਨ ਦੀ ਤਾਂਘ ਰੱਖ ਰਿਹਾ ਹਾਂ ਅਤੇ ਨਿਊਯਾਰਕ ਸਿਟੀ ਕੌਂਸਲ ਦੀ 9ਵੀਂ ਡਿਸਟ੍ਰਿਕਟ ਦੀ ਨੁਮਾਇੰਦਗੀ ਕਰ ਰਿਹਾ ਹਾਂ।"*

**ਮੌਜੂਦਾ ਕੰਮ-ਧੰਦਾ:** ਲੇਖਕ

**ਪਿਛਲਾ ਕੰਮ-ਧੰਦਾ:** ਨਾੱਰਥਵੈਲ ਹੈਲਥ ਵਿਖੇ ਵਾਇਰਲੈਸ ਕਮਿਉਨਿਕੇਸ਼ਨਸ ਐਡਮਿਨਿਸਟ੍ਰੇਸ਼ਨ

**ਸਿੱਖਿਆ:** ਡੱਚਿਜ਼ ਕਮਿਉਨਿਟੀ ਕਾੱਲਿਜ – ਸੋਸ਼ਲ ਸਾਇੰਸਿਜ਼ ਵਿੱਚ ਐਸੋਸੀਏਟ ਆੱਫ਼ ਆਰਟਸ ਐਂਡ ਸਾਇੰਸ 1991-1993

**ਸੰਸਥਾਗਤ ਸਬੰਧ:** ਫ੍ਰੈਡਰਿਕ E. ਸੈਮੁਅਲ ਕਮਿਉਨਿਟੀ ਡੈਮੋਕ੍ਰੈਟਿਕ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** ਕਾਰਕੁਨ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ



## ਅਲ ਟੇਅਲਰ ✓

ਲੋਕਰਾਜੀ

*"ਸਾਨੂੰ ਆਪਣੇ ਸ਼ਹਿਰ ਅਤੇ ਆਪਣੇ ਭਾਈਚਾਰੇ ਲਈ ਇੱਕ ਨਵੇਂ ਨਜ਼ਰੀਏ ਦੀ ਲੋੜ ਹੈ – ਨਵਿਆਉਣ, ਨਿਰਪੱਖਤਾ ਅਤੇ ਅਮਨ ਦਾ ਨਜ਼ਰੀਆ। ਪਿਛਲੇ ਕੁਝ ਸਾਲਾਂ ਵਿੱਚ ਅਸੀਂ ਔਖੇ ਸਮਿਆਂ ਦਾ ਸਾਹਮਣਾ ਕੀਤਾ ਹੈ ਅਤੇ ਸਾਨੂੰ ਵੱਡੀਆਂ ਵੰਗਾਰਾਂ - ਪਹੁੰਚਯੋਗਤਾ ਵਿਚ, ਮੌਕਿਆਂ ਵਿੱਚ ਅਤੇ ਸੁਰੱਖਿਆ ਵਿਲੀਆਂ ਵੰਗਾਰਾਂ ਦਾ ਮੁਕਾਬਲਾ ਕਰਨਾ ਪਿਆ ਹੈ। ਪਰ ਇਹਨਾਂ ਔਖੇ ਸਮਿਆਂ ਵਿੱਚ, ਮੇਰੀ ਹਾਰਲੈਮ ਵਿੱਚ ਆਸਥਾ ਹੈ ਅਤੇ ਇਸ ਵਿੱਚ ਮੇਰਾ ਵਿਸ਼ਵਾਸ ਹੈ; ਮੈਨੂੰ ਆਪਣੇ ਭਾਈਚਾਰੇ ਅਤੇ ਇਸ ਤੋਂ ਪਾਰ ਪਾਉਣ ਅਤੇ ਮਜ਼ਬੂਤ ਹੋਣ ਦੀ ਆਪਣੀ ਸਮਰੱਥਾ 'ਤੇ ਭਰੋਸਾ ਹੈ। ਇਹ ਕਰਨ ਲਈ, ਮੈਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਾਡੀ ਸਰਕਾਰ ਸਾਡੇ ਲਈ ਕੰਮ ਕਰ ਰਹੀ ਹੈ, ਸਾਡੇ ਮਸਲੇ ਸੁਣ ਰਹੀ ਹੈ, ਸਾਡੀਆਂ ਜ਼ਰੂਰਤਾਂ ਪੂਰੀਆਂ ਕਰ ਰਹੀ ਹੈ। ਇਸ ਲਈ ਮੈਂ ਸਿਟੀ ਕੌਂਸਲ ਲਈ ਚੋਣ ਲੜ ਰਿਹਾ ਹਾਂ।"*

ਮੁੱਖ **3** ਮਸਲੇ:

1. ਕਿਫ਼ਾਇਤੀ ਰਿਹਾਇਸ਼
2. ਆਰਥਕ ਅਤੇ ਵਿਦਿਅਕ ਮੌਕਾ
3. ਭਾਈਚਾਰਕ ਸੁਰੱਖਿਆ ਵਿੱਚ ਪੂੰਜੀ ਲਾਉਣੀ

**ਮੌਜੂਦਾ ਕੰਮ-ਧੰਦਾ:** NYS ਵਿਧਾਨਸਭਾ ਮੈਂਬਰ

**ਪਿਛਲਾ ਕੰਮ-ਧੰਦਾ:** ਡੈਨੀ ਫ਼ੈਰੇਲ ਦਾ ਚੀਫ਼ ਆੱਫ਼ ਸਟਾਫ਼

**ਸਿੱਖਿਆ:** ਲੇਹਮੈਨ ਕਾੱਲਿਜ

**ਸੰਸਥਾਗਤ ਸਬੰਧ:** ਟਿਓਗਾ ਕਾਰਵਰ ਡੈਮੋਕ੍ਰੈਟਿਕ ਕਲੱਬ

**ਪਹਿਲਾਂ ਦਾ ਸਰਕਾਰੀ ਅਨੁਭਵ:** NYS ਅਸੈਂਬਲੀ

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

**ਜਿੱਥੇ ਉਮੀਦਵਾਰ ਸਮਾਜ ਵਿਚਲੀਆਂ ਸਮੱਸਿਆਵਾਂ ਬਾਰੇ ਤੁਹਾਡੀ ਰਾਇ ਜਾਣਨਾ ਚਾਹੁੰਦੇ ਹਨ, ਜੋ ਤੁਹਾਡੇ ਲਈ ਬਹੁਤ ਅਹਿਮ ਹਨ ਅਤੇ ਫਿਰ ਨਾਲੋਂ-ਨਾਲ ਉਹਨਾਂ ਦੀ ਰਾਇ ਦੀ ਤੁਲਨਾ ਕਰਨ ਵਾਸਤੇ ਸਾਡੀ ਆੱਨਲਾਈਨ ਵੋਟਰ ਗਾਈਡ 'ਤੇ ਜਾਓ।**

**ਇੱਥੇ ਸਕੈਨ ਕਰੋ ਜਾਂ punjabi.nycvotes.org/compare 'ਤੇ ਜਾਓ**

# ਉਮੀਦਵਾਰਾਂ ਦੀ ਤੁਲਨਾ ਕਰਨੀ

**ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, punjabi.nycvotes.org/compare 'ਤੇ ਜਾਓ।**

**ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ findmypollsite.vote.nyc 'ਤੇ ਪਤਾ ਲਾਓ।**

| | **ਇਨੇਜ਼ E ਡਿਕਨਸ** ✓<br>ਲੋਕਰਾਜੀ | **ਕ੍ਰਿਸਟਨ ਰਿਚਰਡਸਨ ਜਾੱਰਡਨ** ✓<br>ਲੋਕਰਾਜੀ |
|---|---|---|
| ਅਪਰਾਧ | ਮੇਰਾ ਮੰਨਣਾ ਹੈ ਕਿ ਹਿੰਸਾ ਅਤੇ ਜੁਰਮ ਘਟਾਉਣ ਲਈ ਭਾਈਚਾਰੇ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਭਾਈਚਾਰੇ, ਸੰਸਥਾਵਾਂ, ਲੀਡਰਾਂ ਅਤੇ ਪੁਲਿਸ ਸਮੇਤ ਇੱਕ ਬਹੁ-ਪੱਖੀ ਸਿਸਟਮ ਦੀ ਵਰਤੋਂ ਕਰਕੇ ਜੁਰਮ ਖ਼ਤਮ ਕਰਨਾ ਚਾਹੀਦਾ ਹੈ। | ਪੁਲਿਸਿੰਗ ਵਧਾਉਣ ਨਾਲ ਜੁਰਮ ਹੱਲ ਨਹੀਂ ਹੋ ਸਕਦੇ ਅਤੇ ਨਾ ਹੀ ਹੋਣਗੇ। ਸਾਨੂੰ ਜੁਰਮ ਦੇ ਮੂਲ ਕਾਰਨਾਂ ਨਾਲ ਨਜਿੱਠਣਾ ਪਏਗਾ: ਸਭ ਤੋਂ ਪਹਿਲਾਂ ਜੁਰਮ ਰੋਕਣ ਲਈ ਪੁੱਜਤ ਤੋਂ ਬਾਹਰੀ ਰਿਹਾਇਸ਼, ਨਾਕਾਮ ਸਕੂਲ, ਬੇਰੋਜ਼ਗਾਰੀ ਹੇਠ, ਅਤੇ ਭਾਈਚਰਕ ਘਾਟ। |
| ਮਹਿੰਗਾਈ | ਘੱਟ ਆਮਦਨ ਵਾਲੇ ਗੁਆਂਢਚਾਰੇ ਮਹਿੰਗਾਈ ਦਾ ਸਭ ਤੋਂ ਵੱਧ ਅਸਰ ਮਹਿਸੂਸ ਕਰਦੇ ਹਨ। ਮੇਰਾ ਮੰਨਣਾ ਹੈ ਕਿ ਸਾਨੂੰ ਘੱਟੋ-ਘੱਟ ਆਮਦਨ ਨੂੰ ਜ਼ਿੰਦਗੀ ਜੀਣ ਯੋਗ ਉਜਰਤ ਤੱਕ ਵਧਾਉਣਾ ਚਾਹੀਦਾ ਹੈ। ਹਾਲਾਂਕਿ, ਛੋਟੇ ਕਾਰੋਬਾਰਾਂ ਦੀ ਸੁਰੱਖਿਆ ਲਈ ਪਾੱਲਿਸੀ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ। | ਸਿਟੀ ਕੌਂਸਲ ਸਿੱਧਿਆਂ ਮਹਿੰਗਾਈ ਲਈ ਕੁਝ ਨਹੀਂ ਕਰ ਸਕਦੀ, ਪਰ ਬਤੌਰ ਇੱਕ ਸ਼ਹਿਰ ਸਾਨੂੰ ਸੰਘਰਸ਼ ਕਰਨ ਵਾਲੇ ਸਾਰੇ ਲੋਕਾਂ ਦੀ ਮਦਦ ਕਰਨ ਲਈ ਇਕਜੁੱਟ ਹੋਣਾ ਚਾਹੀਦਾ ਹੈ। ਉਜਰਤਾਂ ਉਹੀ ਰਹਿੰਦੀਆਂ ਹਨ, ਪਰ ਸਾਰੀਆਂ ਚੀਜ਼ਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਜਿਹਨਾਂ ਨੂੰ ਬਿਹਤਰ ਮੁਆਵਜ਼ੇ ਅਤੇ ਵੱਡੀ ਸਹਾਇਤਾ ਦੀ ਲੋੜ ਹੈ, ਲਈ ਸਾਨੂੰ ਜ਼ਰੂਰ ਲੜਣਾ ਚਾਹੀਦਾ ਹੈ। |
| ਲੋਕਰਾਜ ਦੀ ਰਾਖੀ ਕਰਨਾ | ਸਾਰੇ ਯੋਗ ਲੋਕਾਂ ਨੂੰ ਸਾਡੇ ਲੋਕਰਾਜ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ। ਵੋਟਿੰਗ ਵਿੱਚ ਅਤੇ ਆਪਣੇ ਲੋਕਰਾਜ ਵਿੱਚ ਹਿੱਸਾ ਲੈਣ ਦੀ ਯੋਗਤਾ ਵਧਾਉਣ ਲਈ ਹੋਰ ਪਾੱਲਿਸੀਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। | ਸਾਡੇ ਦਿਲਾਂ ਵਿੱਚ, ਇਸ ਅਤੇ ਹਰ ਚੋਣ ਵਿੱਚ ਆਪਣੇ ਲੋਕਰਾਜ ਦੀ ਰਾਖੀ ਕਰਨ ਨੂੰ ਸਭ ਤੋਂ ਵੱਧ ਅਹਿਮੀਅਤ ਹੋਣੀ ਚਾਹੀਦੀ ਹੈ। ਜਿਵੇਂ ਅਸੀਂ ਵੱਧ ਤੋਂ ਵੱਧ ਵੰਡੀਆਂ ਪਾਉਣ ਵਾਲੇ ਬਣਦੇ ਜਾਂਦੇ ਹਾਂ, ਉਂਜ ਹੀ ਲੋਕ ਸਾਡੇ ਲੋਕਰਾਜ ਨੂੰ ਖ਼ਤਮ ਕਰਨਾ ਚਾਹੁੰਦੇ ਹਨ ਅਤੇ ਮਜ਼ਬੂਤ ਹੋਰ ਮਜ਼ਬੂਤ ਹੁੰਦੇ ਜਾਂਦੇ ਹਨ। ਗਲਤ ਜਾਣਕਾਰੀ ਅਤੇ ਨਾਗਰਿਕਾਂ ਦੀ ਬਿਹਤਰ ਸ਼ਮੂਲੀਅਤ ਲਈ, ਸਾਨੂੰ ਜੱਦੋ-ਜਹਿਦ ਜ਼ਰੂਰ ਕਰਨੀ ਚਾਹੀਦੀ ਹੈ। |

## ਯੂਸੁਫ਼ ਸਲਾਮ

ਲੋਕਰਾਜੀ

ਹਾਰਲੈਮ ਸੁਰੱਖਿਅਤ ਸੜਕਾਂ ਦਾ ਹੱਕਦਾਰ ਹੈ। ਰ ਵੀ ਅਸੀਂ ਨਿਆ ਦੀ ਕੀਮਤ 'ਤੇ ਸੁਰੱਖਿਅਤ ਮਹਿਸੂਸ ਕਰਨ ਲਈ ਫ਼ੌਰੀ ਸੁਧਾਰਾਂ ਪਿੱਛੇ ਨਹੀਂ ਦੌੜ ਸਕਦੇ, ਹਾਰਲੈਮ ਨੂੰ ਸੁਰੱਖਿਅਤ ਰੱਖਣ ਦੀ ਲੋੜ ਨੂੰ ਵੇਖਦਿਆਂ ਸਾਨੂੰ ਸ੍ਰੋਤਾਂ ਵਿੱਚ ਪੂੰਜੀ ਲਾਉਣੀ ਚਾਹੀਦੀ ਹੈ। ਸਾਨੂੰ ਇੱਕੋ ਜਿਹੀ ਸੁਰੱਖਿਆ ਦੇ ਉਪਾਅ ਕਰਨੇ ਚਾਹੀਦੇ ਹਨ, ਜੋ ਹਾਰਲੇਮ ਨੂੰ ਸੁਰੱਖਿਅਤ ਰੱਖਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਸਾਡੇ ਪਿੰਡ ਦੇ ਹੱਕਾਂ ਦਾ ਸਤਿਕਾਰ ਕੀਤਾ ਜਾਏ।

ਕੀਮਤਾਂ ਬਹੁਤ ਜ਼ਿਆਦਾ ਹਨ, ਪਰ ਮਹਿੰਗਾਈ ਇੱਕ ਰਾਸ਼ਟਰੀ ਸਮੱਸਿਆ ਹੈ, ਜਿਸ 'ਤੇ ਸਿਟੀ ਕੌਂਸਲ ਕਾਬੂ ਕਰਨ ਲਈ ਥੋੜ੍ਹਾ-ਕੁਝ ਹੀ ਕਰ ਸਕਦੀ ਹੈ। ਜੇ ਚੁਣਿਆ ਜਾਂਦਾ ਹੈ, ਤਾਂ ਮੈਂ ਵਿਆਜ-ਦਰਾਂ ਅਤੇ ਸਪਲਾਈ ਲੜੀ ਨਾਲ ਜੁੜੇ ਮਸਲਿਆਂ 'ਤੇ ਕਾਰਵਾਈ ਕਰਨ ਦੀ ਅਪੀਲ ਕਰਨ ਵਾਸਤੇ ਆਪਣੇ ਫ਼ੈਡਰਲ ਅਧਿਕਾਰੀਆਂ ਨਾਲ ਮਿਲਕੇ ਕੰਮ ਕਰਾਂਗਾ, ਜਿਸ ਨਾਲ ਸਮੱਸਿਆ 'ਤੇ ਉਸਾਰੂ ਅਸਰ ਪਏਗਾ।

ਅਸੀਂ ਇਸ ਤੱਕ ਪਹੁੰਚ ਦਾ ਪਸਾਰ ਕਰਕੇ ਲੋਕਰਾਜ ਦੀ ਰਾਖੀ ਕਰਦੇ ਹਾਂ। ਸਾਨੂੰ ਸਾਰੇ ਲੋਕਾਂ ਵਲੋਂ ਵੋਟ ਪਾਉਣ ਦੀ ਮੰਜ਼ੂਰੀ ਦੇਣੀ ਚਾਹੀਦੀ ਹੈ, ਜਿਹਨਾਂ ਵਿੱਚ ਕੈਦੀ ਜਾਂ ਬਿਨਾ ਦਸਤਾਵੇਜ਼ਾਂ ਵਾਲੇ ਵਿਅਕਤੀ ਵੀ ਸ਼ਾਮਿਲ ਹਨ, ਆੱਟੋਮੈਟਿਕ ਵੋਟਰ ਰਜਿਸਟ੍ਰੇਸ਼ਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ, ਅਤੇ ਗ਼ੈਰ-ਹਾਜ਼ਰ ਵੋਟ-ਪਰਚੀ ਦੀ ਵਰਤੋਂ ਨੂੰ ਵੀ ਵਧਾਉਣਾ ਚਾਹੀਦਾ ਹੈ।

## ਅਲ ਟੇਅਲਰ ✓

ਲੋਕਰਾਜੀ

ਸਾਰਿਆਂ ਨੂੰ ਆਪਣੇ ਭਾਈਚਾਰਿਆਂ ਵਿੱਚ ਸੁਰੱਖਿਅਤ ਰਹਿਣ ਦਾ ਹੱਕ ਹੈ ਅਤੇ ਆਪਣੇ ਗੁਆਂਢਚਾਰਿਆਂ ਵਿਚਲੀ ਹਿੰਸਾ ਵਰਗੀ ਬਿਪਤਾ ਨੂੰ ਖ਼ਤਮ ਕਰਨ ਲਈ ਮੈਂ ਅਣਥੱਕ ਕੰਮ ਕਰਾਂਗਾ। ਮੈਂ ਆਪਣੇ ਭਾਈਚਾਰਿਆਂ ਵਿੱਚ ਅਤੇ ਭਾਈਚਾਰੇ-ਅਧਾਰਿਤ ਸਾਲਸੀਆਂ, ਸਿਖਲਾਈਪ੍ਰਾਪਤ ਮਾਨਸਿਕ ਸਿਹਤ ਸਾਲਸੀਆਂ ਅਤੇ ਹੋਰ ਕਈ ਕਿਸਮ ਦੀਆਂ ਗੈਰ-ਔਸ਼ਧ ਪ੍ਰਭਾਵ ਸਬੰਧੀ ਸਾਲਸੀਆਂ ਵਿੱਚ ਫਿਰ ਤੋਂ ਪੂੰਜੀ ਲਾਉਣ ਦੀ ਵੀ ਹਿਮਾਇਤ ਕਰਦਾ ਹਾ

ਵਧੀਆਂ ਹੋਈਆਂ ਕੀਮਤਾਂ ਸਾਰੇ ਵਸਨੀਕਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਨੁਕਸਾਨ ਪਹੁੰਚਾਈ ਜਾ ਰਹੀਆਂ ਹਨ। ਸਾਰਿਆਂ ਲਈ ਸਾਨੂੰ ਸ਼ਹਿਰ ਨੂੰ ਹੋਰ ਕਿਫ਼ਾਇਤੀ ਬਣਾਉਣਾ ਚਾਹੀਦਾ ਹੈ। ਮੈਂ ਆਪਣੇ ਕੰਮ ਕਰਨ ਵਾਲੇ ਲੋਕਾਂ ਲਈ ਲਾਗਤਾਂ ਘੱਟ ਕਰਨ, ਜੱਦੋ-ਜਹਿਦ ਕਰ ਰਹੇ ਭਾਈਚਾਰਿਆਂ ਦੀ ਹੋਰ ਮਦਦ ਕਰਨ ਅਤੇ ਰਿਹਾਇਸ਼, ਸਿਹਤ ਸੰਭਾਲ ਦੀਆਂ ਲਾਗਤਾਂ ਨੂੰ ਹੇਠਾਂ ਲਿਆਉਣ ਲਈ ਕੰਮ ਕਰਾਂਗਾ

ਸਾਨੂੰ ਵੋਟ ਦੇ ਹੱਕ ਦੀ ਰਾਖੀ ਲਈ ਸਭ ਕੁਝ ਕਰਨ ਦੀ ਲੋੜ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਹਰ ਵੋਟਰ ਦੀ ਸਮਰੱਥਾ ਹੈ ਅਤੇ ਆਪਣੀ ਗੱਲ ਰੱਖਣ ਦੀ ਪਹੁੰਚ ਹੈ। ਪੀੜ੍ਹੀਆਂ ਨੇ ਇਸ ਹੱਕ ਲਈ ਜੱਦੋ-ਜਹਿਦ ਕੀਤੀ ਹੈ ਅਤੇ ਮੈਂ ਇਸ ਨੂੰ ਜਾਰੀ ਰੱਖਾਂਗਾ ਅਤੇ ਆਪਣੇ ਲੋਕਰਾਜ ਦੀ ਰੱਖਿਆ ਕਰਾਂਗਾ।

# ਸਿਟੀ ਕੌਂਸਲ ਡਿਸਟ੍ਰਿਕਟ 10

ਲੋਕਰਾਜੀ

- ਕਾਰਮੈਨ N ਡੀ ਲਾ ਰੋਜ਼ਾ
- ਗੁਲੈਰਮੋ A ਪੈਰੇਜ਼*

ਜੇ ਇੱਕ ਉਮੀਦਵਾਰ NYC ਦੇ ਮੈਚਿੰਗ ਫੰਡ ਪ੍ਰੋਗਰਾਮ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਇਹ ਬੈਜ ਨਜ਼ਰ ਆਏਗਾ, ਜਿਸ ਨਾਲ ਉਮੀਦਵਾਰ ਨਿਊਯਾਰਕ ਦੇ ਵਸਨੀਕਾਂ 'ਤੇ ਭਰੋਸਾ ਕਰਦੇ ਹਨ – ਉਹਨਾਂ ਦੇ ਚੋਣ-ਪ੍ਰਚਾਰ ਲਈ ਫ਼ੰਡਾਂ ਲਈ – ਖ਼ਾਸ ਹਿੱਤਾਂ ਲਈ ਨਹੀਂ। ਪੰਨਾ 37 'ਤੇ ਹੋਰ ਪਤਾ ਲਾਓ।

ਉਮੀਦਵਾਰਾਂ ਦੀ ਬਿਲਕੁਲ ਨਵੀਂ ਸੂਚੀ ਵੇਖਣ ਲਈ, ਉਮੀਦਵਾਰ ਦੀ ਵੀਡੀਓ ਦਾ ਪਤਾ ਲਾਓ, ਮਸਲੇ ਦੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ **punjabi.nycvotes.org/candidates** 'ਤੇ ਜਾਓ।

* ਉਮੀਦਵਾਰ ਨੇ ਇਸ ਛਪੀ ਹੋਈ ਵੋਟਰ ਗਾਈਡ ਵਿੱਚ ਸ਼ਾਮਿਲ ਕਰਨ ਲਈ ਸਮੇਂ ਸਿਰ ਭਰਿਆ ਹੋਇਆ ਪ੍ਰੋਫ਼ਾਈਲ ਸਬਮਿਟ ਨਹੀਂ ਕੀਤਾ ਸੀ।



## ਕਾਰਮੈਨ N ਡੀ ਲਾ ਰੋਜ਼ਾ

ਲੋਕਰਾਜੀ

**ਮੁੱਖ 3 ਮਸਲੇ:**

1. ਕਿਰਾਏਦਾਰਾਂ ਦੀ ਰਾਖੀ ਕਰਨੀ ਅਤੇ ਥਾਂ-ਬਦਲੀ ਨੂੰ ਠਲ੍ਹ ਪਾਉਣੀ।
2. ਕੁਆਲਿਟੀ ਵਾਲੀ ਸਿੱਖਿਆ ਤੱਕ ਪਹੁੰਚ।
3. ਕਿਰਤੀਆਂ ਦੇ ਹੱਕ।

*"ਕਾਰਮੈਨ N ਡੀ ਲਾ ਰੋਜ਼ਾ ਇੱਕ ਬੱਚੀ ਵਜੋਂ ਡੌਮਿਨਿਕਨ ਰਿਪਬਲਿਕ ਤੋਂ ਆਈ ਸੀ ਅਤੇ ਉਹਨਾਂ ਦੀ ਪਰਵਰਿਸ਼ ਇਨਵੁੱਡ ਵਿੱਚ ਹੋਈ ਸੀ। 2016 ਵਿੱਚ, ਕਾਰਮੈਨ 72ਵੀਂ ਡਿਸਟ੍ਰਿਕਟ ਦੇ ਵਿਧਾਨ ਸਭਾ ਮੈਂਬਰ ਚੁਣੇ ਗਏ ਸੀ। ਉਹਨਾਂ ਨੇ $2.1 ਅਰਬ ਵਿੱਚ ਨਿਊਯਾਰਕ ਡ੍ਰੀਮ ਕਾਨੂੰਨ ਅਤੇ ਕੱਢੇ ਗਏ ਵਰਕਰਾਂ ਲਈ ਫ਼ੰਡ ਪਾਸ ਕੀਤਾ ਸੀ।*

*2021 ਵਿੱਚ, ਕਾਰਮੈਨ ਸਿਟੀ ਹਾਲ ਵਿਖੇ ਡਿਸਟ੍ਰਿਕਟ 10 ਦੀ ਨੁਮਾਇੰਦਗੀ ਕਰਨ ਲਈ ਚੁਣੀ ਗਈ ਪਹਿਲੀ ਔਰਤ ਬਣੇ ਸੀ। ਉਹ ਸਾਡੇ ਭਾਈਚਾਰੇ ਨੂੰ ਇੱਕ ਥਾਂ ਤੋਂ ਦੂਜੀ ਥਾਂ ਲਈ ਜਾਣ ਤੋਂ ਬਚਾਉਣ, ਸਾਡੇ ਫ਼ੌਜਦਾਰੀ ਨਿਆ-ਪ੍ਰਬੰਧ ਦੀਆਂ ਕਮੀਆਂ ਦੂਰ ਕਰਨ, ਆਪਣੇ ਸਮਾਜਕ ਸੁਰੱਖਿਆ ਸਿਲਸਿਲੇ ਦਾ ਪਸਾਰ ਕਰਨ ਅਤੇ ਫ਼੍ਰੰਟਲਾਈਨ ਵਰਕਰਾਂ ਅਤੇ ਛੋਟੇ ਕਾਰੋਬਾਰਾਂ ਦੀ ਰਾਖੀ ਕਰਨ ਲਈ ਮੁਕਾਬਲਾ ਕਰ ਰਹੀ ਹੈ।"*

**ਮੌਜੂਦਾ ਕੰਮ-ਧੰਦਾ:** ਸਿਟੀ ਕੌਂਸਲ ਮੈਂਬਰ

**ਪਿਛਲਾ ਕੰਮ-ਧੰਦਾ:** ਨਿਊਯਾਰਕ ਰਾਜ ਵਿਧਾਨ ਸਭਾ ਮੈਂਬਰ

**ਪੜ੍ਹਾਈ:** ਫ਼ੋਰਡਹੈਮ ਯੂਨੀਵਰਸਿਟੀ

**ਸੰਸਥਾਗਤ ਸਬੰਧ:** ਤਬਦੀਲੀ ਲਈ ਨਾੱਰਦਰਨ ਮੈਨਹੱਟਨ ਡੈਮੋਕ੍ਰੈਟਸ

**ਪਹਿਲਾਂ ਦਾ ਸਰਕਾਰੀ ਅਨੁਭਵ:** ਵਰਕਰ ਸ਼੍ਰੇਣੀ ਦੀ ਰਾਖੀ ਕਰਨ ਅਤੇ ਹੱਕ ਦੇਣ ਲਈ ਜ਼ਿੰਦਗੀ ਭਰ ਤੋਂ ਸਰਕਾਰੀ ਨੌਕਰ ਵਾਂਗ ਕੰਮ ਕਰਨਾ। ਸਾਬਕਾ NYS ਵਿਧਾਨ-ਸਭਾ ਮੈਂਬਰ।

**ਇਸ ਪਾਰਟੀ ਵਿੱਚ ਰਜਿਸਟ੍ਰੇਸ਼ਨ ਕਰਾਈ ਹੈ:** ਡੈਮੋਕ੍ਰੈਟਿਕ

# ਉਮੀਦਵਾਰਾਂ ਦੀ ਤੁਲਨਾ ਕਰਨੀ

ਇਸ ਸਾਲ, ਅਸੀਂ ਉਮੀਦਵਾਰਾਂ ਨੂੰ ਉਹਨਾਂ ਅੱਠ ਮੁੱਦਿਆਂ ਬਾਰੇ ਆਪਣੀ ਸਥਿਤੀ ਸਾਂਝੀ ਕਰਨ ਲਈ ਕਿਹਾ ਸੀ, ਜਿਹਨਾਂ ਬਾਰੇ ਨਿਊਯਾਰਕ ਦੇ ਵਸਨੀਕਾਂ ਨੇ ਕੁਈਨੀਪਿਆਕ ਯੂਨੀਵਰਸਿਟੀ ਦੀਆਂ ਹਾਲੀਆ ਚੋਣ ਵਿੱਚ ਉਹਨਾਂ ਨੂੰ ਸਭ ਤੋਂ ਜ਼ਰੂਰੀ ਦੱਸਿਆ ਸੀ: ਜੁਰਮ, ਮਹਿੰਗਾਈ, ਲੋਕਰਾਜ ਦੀ ਰਾਖੀ ਕਰਨੀ, ਗਰਭਪਾਤ, ਕਿਫ਼ਾਇਤੀ ਰਿਹਾਇਸ਼, ਬੇਘਰਾਪਣ, ਨਸਲੀ ਨਾਬਰਾਬਰੀ ਅਤੇ ਜਲਵਾਯੂ-ਤਬਦੀਲੀ। ਇਹਨਾਂ ਮਸਲਿਆਂ ਬਾਰੇ ਉਮੀਦਵਾਰਾਂ ਦੇ ਜਵਾਬਾਂ ਦੀ ਤੁਲਨਾ ਕਰਨ ਲਈ, **punjabi.nycvotes.org/compare** 'ਤੇ ਜਾਓ।

ਆਪਣੀ ਸਿਟੀ ਕੌਂਸਲ ਡਿਸਟ੍ਰਿਕਟ ਦਾ **findmypollsite.vote.nyc** 'ਤੇ ਪਤਾ ਲਾਓ।

| | **ਕਾਰਮੈਨ N ਡੀ ਲਾ ਰੋਜ਼ਾ** ✓<br>ਲੋਕਰਾਜੀ | **ਗੁਲੈਰਮੋ A ਪੈਰੇਜ਼***<br>ਲੋਕਰਾਜੀ |
|---|---|---|
| ਅਪਰਾਧ | ਸਾਰਿਆਂ ਨੂੰ ਸੁਰੱਖਿਅਤ ਭਾਈਚਾਰੇ ਵਿੱਚ ਰਹਿਣ ਦਾ ਹੱਕ ਹੈ। ਕਿਉਂਕਿ ਅਸੀਂ ਸੰਸਥਾਗਤ ਨਸਲਪ੍ਰਸਤੀ ਅਤੇ ਸਮੂਹਕ ਕੈਦ ਨਾਲ ਜੂਝਦੇ ਹਾਂ, ਸਾਨੂੰ ਸਮਾਜ ਨੂੰ ਧਿਆਨ ਵਿੱਚ ਰੱਖਕੇ ਬਣਾਏ ਗਏ ਹਿੰਸਾ ਸਾਲਸੀ ਪ੍ਰੋਗਰਾਮ, ਸਮਾਜਕ ਸੇਵਾਵਾਂ, ਨੌਕਰੀਆਂ, ਅਤੇ ਨੌਜਵਾਨਾਂ ਲਈ ਸਕੂਲ ਤੋਂ ਬਾਅਦ ਦੇ ਪ੍ਰੋਗਰਾਮਾਂ ਵਰਗੀਆਂ ਜਨਤਕ ਸੁਰੱਖਿਆ ਬਾਰੇ ਪਹਿਲਕਦਮੀਆਂ ਵਿੱਚ ਪੂੰਜੀ ਲਾਉਣੀ ਚਾਹੀਦੀ ਹੈ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| ਮਹਿੰਗਾਈ | ਰਹਿਣ-ਸਹਿਣ ਦੀ ਲਾਗਤ ਅਸਮਾਨੀਂ ਪਹੁੰਚ ਗਈ ਹੈ। ਮੈਨਹੱਟਨ ਵਿੱਚ ਔਸਤ ਅਪਾਰਟਮੈਂਟ $5,186 ਮਹੀਨੇ ਤੱਕ ਵਧ ਗਿਆ ਹੈ। ਕਰੋੜਪਤੀਆਂ ਦੀ ਤਦਾਦ ਜਿਉਂ ਹੀ ਵਧਦੀ ਹੈ, ਕੰਮ ਕਰਨ ਵਾਲੇ ਪਰਿਵਾਰ ਅਤੇ ਪ੍ਰਵਾਸੀ ਭਾਈਚਾਰਾ ਗੁਜ਼ਾਰਾ ਕਰਨ ਲਈ ਜੱਦੋ-ਜਹਿਦ ਕਰਦਾ ਹੈ। ਮੈਂ ਆਮਦਨ ਵਿਚਲੀ ਨਾਬਰਾਬਰੀ ਅਤੇ ਸਮਾਜਕ ਸੇਵਾਵਾਂ ਨੂੰ ਤਰਜੀਹ ਦੇਣਾ ਜਾਰੀ ਰੱਖਾਂਗੀ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |
| ਲੋਕਰਾਜ ਦੀ ਰਾਖੀ ਕਰਨਾ | ਇੱਕ ਹਾਲੀਆ ਵਿਸ਼ਲੇਸ਼ਣ ਕੀਤੀ ਗਈ ਰਿਪੋਰਟ ਵਿੱਚ 167 ਦੇਸ਼ਾਂ ਵਿੱਚੋਂ ਅਮਰੀਕਾ ਨੂੰ 25ਵਾਂ ਸਭ ਤੋਂ ਲੋਕਰਾਜੀ ਦੇਸ਼ ਦਾ ਦਰਜਾ ਦਿੱਤਾ ਗਿਆ ਹੈ ਅਤੇ ਇਹ "ਖ਼ਾਮੀਆਂ ਵਾਲੇ ਲੋਕਰਾਜ" ਦੀ ਸ਼੍ਰੇਣੀ ਵਿੱਚ ਬਣਿਆ ਹੋਇਆ ਹੈ। ਮੈਂ ਕੋ-ਗਵਰਨੈਂਸ ਰਾਹੀਂ ਲੋਕਾਂ ਨਾਲ ਹਕੂਮਤ ਕਰਨ ਅਤੇ ਆਪਣੇ ਲੋਕਰਾਜ 'ਤੇ ਕੱਟੜਪੰਥੀ ਹਮਲੇ ਦਾ ਵਿਰੋਧ ਕਰਨ ਲਈ ਵਚਨਬੱਧ ਹਾਂ। | ਉਮੀਦਵਾਰ ਨੇ ਇਸ ਸੁਆਲ ਦਾ ਜਵਾਬ ਸਬਮਿਟ ਨਹੀਂ ਕੀਤਾ। |

# ਤਰਜੀਹੀ ਵੋਟਿੰਗ ਦੀ ਪ੍ਰੈਕਟਿਸ ਕਰਨੀ

ਸਾਡੀ ਔਨਲਾਈਨ ਪ੍ਰੈਕਟਿਸ ਵਾਲ਼ੀ ਵੋਟ-ਪਰਚੀ 'ਤੇ ਆਪਣੀ ਪਸੰਦ ਦੀ ਰੈਂਕਿੰਗ ਦੀ ਕੋਸ਼ਿਸ਼ ਕਰੋ! ਜੇ ਤੁਹਾਡੀ ਵੋਟ-ਪਰਚੀ ਸਹੀ ਢੰਗ ਨਾਲ ਭਰੀ ਗਈ ਹੈ ਜਾਂ ਜੇ ਤੁਹਾਡੇ ਤੋਂ ਗ਼ਲਤੀ ਹੋਈ ਹੈ, ਤਾਂ ਉਸ ਨੂੰ ਕਿਵੇਂ ਦਰੁਸਤ ਕਰੋ, ਬਾਰੇ ਅਸੀਂ ਤੁਹਾਨੂੰ ਦੱਸਾਂਗੇ।

ਇੱਥੇ ਸਕੈਨ ਕਰੋ ਜਾਂ **punjabi.nycvotes.org/practice-ballot** 'ਤੇ ਜਾਓ

# NYC Votes ਬਾਰੇ

**ਇੱਕ ਸੁਤੰਤਰ ਸਿਟੀ ਏਜੰਸੀ, ਨਿਊਯਾਰਕ ਸ਼ਹਿਰ ਦਾ ਕੈਮਪੇਨ ਫਾਇਨਾਂਸ ਬੋਰਡ ਹੈ, ਦੀ ਇੱਕ ਪਹਿਲ NYC Votes ਹੈ, ਜੋ ਸਥਾਨਕ ਚੋਣਾਂ ਨੂੰ ਨਿਰਪੱਖ, ਸਮੁੱਚੇ ਅਤੇ ਸਪਸ਼ਟ ਤਰੀਕੇ ਨਾਲ ਕਰਾਉਣ ਨੂੰ ਯਕੀਨੀ ਬਣਾਉਂਦੀ ਹੈ।**

ਅਸੀਂ ਵੋਟਰਾਂ ਅਤੇ ਉਮੀਦਵਾਰਾਂ ਵਿਚਕਾਰ ਇੱਕੋ ਜਿਹੀ ਭਾਈਵਾਲੀ ਨੂੰ ਉਤਸਾਹ ਦਿੰਦੇ ਹਾਂ, ਤਾਂਜੋ ਸਾਡੇ ਚੁਣੇ ਗਏ ਅਧਿਕਾਰੀ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਦੀਆਂ ਜ਼ਰੂਰਤਾਂ ਹੱਲ ਕਰਨ ਅਤੇ ਵੋਟਰਾਂ ਦੇ ਮਸਲੇ ਸੁਲਝਾਉਣ।

ਇੰਜ ਅਸੀਂ ਨਿਊ ਯਾਰਕ ਦੇ ਵਸਨੀਕਾਂ, ਜਿਹਨਾਂ ਵਲੋਂ ਵੋਟ ਪਾਉਣ ਦੀ ਸੰਭਾਵਨਾ ਘੱਟ ਹੀ ਹੈ, ਨੂੰ ਮਜ਼ਬੂਤ ਕਰਨ ਲਈ ਕਰਦੇ ਹਾਂ, ਦਫ਼ਤਰ ਲਈ ਚੋਣ ਲੜਣ ਦੇ ਅੜਿੱਕਿਆਂ ਨੂੰ ਘੱਟ ਕਰਦੇ ਹਾਂ ਅਤੇ ਆਪਣੇ ਚੋਣ-ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਹੱਲ ਕੱਢਣ ਦੀ ਪੇਸ਼ਕਸ਼ ਕਰਦੇ ਹਾਂ। NYC Votes ਸ਼ਹਿਰ ਭਰ ਵਿਚਲੇ ਵੋਟਰਾਂ ਨੂੰ ਰਜਿਸਟਰ ਕਰਨ, ਸਿੱਖਿਅਤ ਕਰਨ ਅਤੇ ਸ਼ਾਮਿਲ ਕਰਨ ਲਈ ਭਾਈਚਾਰਕ ਸੰਸਥਾਵਾਂ, ਵਾੱਲੰਟੀਅਰਾਂ ਅਤੇ ਸ਼ਹਿਰ ਦੀਆਂ ਹੋਰਨਾਂ ਏਜੰਸੀਆਂ ਨਾਲ ਭਾਈਵਾਲੀ ਕਰਦੀ ਹੈ। ਸਾਡਾ ਉਦੇਸ, ਸਾਡੀਆਂ ਚੋਣਾਂ ਕਿਵੇਂ ਕੰਮ ਕਰਦੀਆਂ ਹਨ ਅਤੇ ਉਹ ਅਹਿਮ ਕਿਉਂ ਹਨ, ਇਸ ਬਾਰੇ ਦਿਆਨਤਦਾਰੀ ਨਾਲ ਵਿਚਾਰ-ਵਟਾਂਦਰਾ ਕਰਕੇ ਨਿਊ ਯਾਰਕ ਦੇ ਸਾਰੇ ਵਸਨੀਕਾਂ ਵਿਚਕਾਰ ਚੋਣ ਅਮਲ ਦੀ ਵੱਡੀ ਸਮਝ ਬਣਾਉਣੀ ਹੈ।

1988 ਵਿੱਚ ਸਥਾਪਿਤ ਕੀਤੀ ਗਈ ਏਜੰਸੀ, ਨਿਊਯਾਰਕ ਦੇ ਵਸਨੀਕਾਂ ਨੂੰ ਉਹਨਾਂ ਦੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਕਾਰੀ ਅਤੇ ਉਹਨਾਂ ਦੇ ਚੋਣ-ਪ੍ਰਚਾਰਾਂ ਲਈ ਰਕਮਾਂ ਕਿਵੇਂ ਮਿਲਦੀਆਂ ਹਨ, ਬਾਰੇ ਪੂਰੀ ਜਾਣਕਾਰੀ ਦਿੰਦੀ ਹੈ। ਸਾਡਾ ਮੈਚਿੰਗ ਫੰਡ ਪ੍ਰੋਗਰਾਮ ਸ਼ਹਿਰ ਦੀ ਫ਼ੰਡਿੰਗ ਦੇ $8 ਤੱਕ ਸਥਾਨਕ ਡੋਨਰ ਦੇ ਹਰ $1 ਨਾਲ ਮੇਲ ਖਾਂਦਾ ਹੈ, ਜਿਸ ਨਾਲ ਸ਼ਹਿਰ ਦੇ ਉਮੀਦਵਾਰਾਂ ਨੂੰ ਖ਼ਾਸ ਹਿੱਤਾਂ ਦੀ ਥਾਂ ਆਪਣੇ ਭਾਈਚਾਰਿਆਂ 'ਤੇ ਧਿਆਨ ਲਾਉਣ ਲਈ ਪ੍ਰੇਰਿਆ ਜਾਂਦਾ ਹੈ।

## ਮੈਚਿੰਗ ਫ਼ੰਡ ਪ੍ਰੋਗਰਾਮ

**ਸ਼ਹਿਰ ਦੇ ਉਮੀਦਵਾਰਾਂ ਲਈ ਤੁਹਾਡੇ ਯੋਗਦਾਨ ਦੀ ਅਹਿਮੀਅਤ ਉਸ ਸਮੇਂ ਵਧ ਜਾਂਦੀ ਹੈ, ਜਦੋਂ ਤੁਸੀਂ ਸ਼ਹਿਰ ਦੇ ਮੈਚਿੰਗ ਫ਼ੰਡਾਂ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਦੀ ਹਿਮਾਇਤ ਕਰਦੇ ਹੋ। ਹਿੱਸਾ ਲੈ ਰਹੇ ਉਮੀਦਵਾਰਾਂ ਲਈ ਸ਼ਹਿਰ ਦੇ ਵਸਨੀਕਾਂ ਤੋਂ ਮਿਲਣ ਵਾਲੇ ਦਾਨ ਦੀ ਮੈਚਿੰਗ $8-ਤੋਂ-$1 ਤੱਕ ਕੀਤੀ ਜਾ ਸਕਦੀ ਹੈ। ਇਸਦਾ ਮਤਲਬ ਇਹ ਹੈ ਕਿ ਜਦੋਂ ਤੁਸੀਂ $10 ਦਿੰਦੇ ਹੋ, ਤਾਂ ਉਮੀਦਵਾਰ ਨੂੰ $90 ਮਿਲਦੇ ਹਨ।**

ਇਹ ਪ੍ਰੋਗਰਾਮ ਇਸ ਗੱਲ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਚੋਣ-ਪ੍ਰਚਾਰ ਲਈ ਰਕਮਾਂ, ਖ਼ਾਸ ਹਿੱਤਾਂ ਦੀ ਬਜਾਇ ਨਿਊ ਯਾਰਕ ਦੇ ਵਸਨੀਕਾਂ ਵਲੋਂ ਦਿੱਤੀ ਜਾਣ ਵਾਲੀ ਡਾੱਲਰ ਦੀ ਮਾਮੂਲੀ ਰਕਮ ਨਾਲ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸਦਾ ਮਤਲਬ ਇਹ ਵੀ ਹੈ ਕਿ ਜਿਹੜੇ ਉਮੀਦਵਾਰ ਅਮੀਰ ਨਹੀਂ ਹਨ, ਪਰ ਭਾਈਚਾਰੇ ਵਿੱਚ ਉਹਨਾਂ ਦੀ ਮਜ਼ਬੂਤ ਹਿਮਾਇਤ ਹੋਣ ਕਰਕੇ ਉਹ ਹੋਰ ਵੰਨ-ਸੁਵੰਨੀ ਅਤੇ ਨੁਮਾਇੰਦਾ ਸਰਕਾਰ ਬਣਾਉਣ ਲਈ ਚੋਣ ਲੜ ਸਕਦੇ ਹਨ। ਨਿਊ ਯਾਰਕ ਦੀ 2021 ਦੀ ਚੋਣ ਵਿੱਚ 83% ਤੋਂ ਵੱਧ ਸਥਾਨਕ ਉਮੀਦਵਾਰਾਂ ਨੇ ਦੱਸਿਆ ਹੈ ਕਿ ਦਫ਼ਤਰ ਲਈ ਚੋਣ ਲੜਣ ਵਾਸਤੇ ਉਹਨਾਂ ਦੀ ਸਮਰੱਥਾ ਲਈ ਮੈਚਿੰਗ ਫ਼ੰਡਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

**contribute.nycvotes.org** 'ਤੇ ਯੋਗਦਾਨ ਪਾਓ

# ਅਕਸਰ ਪੁੱਛੇ ਜਾਣ ਵਾਲੇ ਸੁਆਲ

## ਆਮ

### ਪ੍ਰਮੁੱਖ ਚੋਣ ਕੀ ਹੈ?

ਇਹ ਚੋਣ ਤੋਂ ਪਹਿਲਾਂ ਦੀ ਚੋਣ ਹੈ। ਪ੍ਰਮੁੱਖ ਚੋਣਾਂ ਵਿੱਚ, ਤੁਸੀਂ ਫ਼ੈਸਲਾ ਕਰਦੇ ਹੋ ਕਿ ਆਮ ਚੋਣ ਲਈ ਕਿਹੜਾ ਸ਼ਖ਼ਸ ਤੁਹਾਡੀ ਪਾਰਟੀ ਦਾ ਉਮੀਦਵਾਰ ਹੋਏਗਾ। ਪ੍ਰਮੁੱਖ ਚੋਣਾਂ ਵਿੱਚ ਵੋਟ ਪਾਉਣ ਲਈ ਤੁਹਾਨੂੰ ਕਿਸੇ ਸਿਆਸੀ ਪਾਰਟੀ ਦਾ ਮੈਂਬਰ ਜ਼ਰੂਰ ਹੋਣਾ ਚਾਹੀਦਾ ਹੈ।

### ਕੀ ਮੈਂ 27 ਜੂਨ ਨੂੰ ਪ੍ਰਮੁੱਖ ਚੋਣ ਵਿੱਚ ਵੋਟ ਪਾ ਸਕਦਾ/ਸਕਦੀ ਹਾਂ?

ਤੁਸੀਂ ਵੋਟ ਪਾ ਸਕਦੇ ਹੋ, ਜੇਕਰ ਤੁਸੀਂ ਨਿਊਯਾਰਕ ਵਿੱਚ ਚੋਣ ਕਰਾ ਰਹੀ ਪਾਰਟੀ ਵਾਸਤੇ ਰਜਿਸਟਰਡ ਹੋ। ਰਜਿਸਟਰ ਕਰਨ ਦੀ ਅੰਤਮ-ਤਾਰੀਖ਼ 17 ਜੂਨ ਹੈ।

### ਮੈਂ ਵੋਟ ਪਾਉਣ ਲਈ ਰਜਿਸਟਰਡ ਹਾਂ, ਦਾ ਕਿਵੇਂ ਪਤਾ ਲਾ ਸਕਦਾ/ਸਕਦੀ ਹਾਂ?

**voterlookup.elections.ny.gov** 'ਤੇ ਜਾਓ ਜਾਂ ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਲਈ **866-VOTE-NYC (866-868-3692)** ਜਾਂ **TTY 212-487-5496** 'ਤੇ NYC ਚੋਣ ਬੋਰਡ (Board of Elections) ਨੂੰ ਕਾੱਲ ਕਰੋ।

### ਕੀ ਹੁੰਦਾ ਹੈ, ਜੇ ਮੈਂ ਆਖ਼ਰੀ ਵਾਰੀ ਵੋਟ ਪਾਉਣ ਤੋਂ ਬਾਅਦ ਨਿਊਯਾਰਕ ਸਿਟੀ ਦੇ ਅੰਦਰ ਕਿਤੇ ਚਲਾ ਗਿਆ/ਚਲੀ ਗਈ ਸੀ?

ਜਦੋਂ ਤੁਸੀਂ ਜਾਂਦੇ ਹੋ, ਤਾਂ ਤੁਹਾਨੂੰ ਨਵਾਂ ਵੋਟਰ ਰਜਿਸਟ੍ਰੇਸ਼ਨ ਫਾਰਮ ਜਮ੍ਹਾ ਕਰਕੇ ਚੋਣ ਬੋਰਡ (Board of Elections) ਕੋਲ ਆਪਣਾ ਪਤਾ ਬਦਲਵਾਉਣਾ ਚਾਹੀਦਾ ਹੈ। ਤੁਹਾਡਾ ਬਦਲਿਆ ਹੋਇਆ ਪਤਾ ਚੋਣ ਬੋਰਡ (Board of Elections) ਨੂੰ **12 ਜੂਨ ਤੱਕ ਜ਼ਰੂਰ ਮਿਲ ਜਾਣਾ ਚਾਹੀਦਾ ਹੈ**। ਸੁਣਨ ਵਿੱਚ ਦਿੱਕਤ ਵਾਲੇ ਲੋਕਾਂ ਵਾਸਤੇ ਪਤਾ ਲਾਉਣ ਲਈ ਕਿ ਉਹਨਾਂ ਦੇ ਬਦਲੇ ਹੋਏ ਪਤੇ 'ਤੇ ਅੱਗੇ ਦੀ ਕਾਰਵਾਈ ਸ਼ੁਰੂ ਹੋ ਗਈ ਹੈ ਜਾਂ ਨਹੀਂ, ਲਈ **866-VOTE-NYC (866-868-3692)** ਜਾਂ **TTY 212-487-5496** 'ਤੇ ਕਾੱਲ ਕਰੋ।

ਜੇ ਤੁਹਾਡਾ ਪਤਾ ਅਜੇ ਤੱਕ ਅਪਡੇਟ ਨਹੀਂ ਹੋਇਆ, ਤਾਂ ਤੁਸੀਂ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਇੱਕ ਹਲਫ਼ਨਾਮੇ ਵਾਲੀ ਵੋਟ-ਪਰਚੀ ਲਈ ਬੇਨਤੀ ਕਰਕੇ ਆਪਣੇ ਨਵੇਂ ਪਤੇ ਲਈ ਮਿੱਥੀ ਗਈ ਵੋਟਾਂ ਪੈਣ ਦੀ ਥਾਂ 'ਤੇ ਵੋਟ ਪਾ ਸਕਦੇ ਹੋ।

## ਡਾਕ ਰਾਹੀਂ ਵੋਟ

### ਗੈਰਹਾਜ਼ਰ ਬੈਲਟ ਦੀ ਬੇਨਤੀ ਕਰਨ ਵਾਸਤੇ ਵੈਧ ਕਾਰਣ ਕਿਹੜੇ ਹਨ?

ਜੇ ਤੁਸੀਂ ਚੋਣ-ਦਿਵਸ 'ਤੇ ਨਿਊਯਾਰਕ ਤੋਂ ਬਾਹਰ ਹੋ, ਬਿਮਾਰ ਹੋ ਜਾਂ ਸਰੀਰਕ ਤੌਰ 'ਤੇ ਅਸਮਰੱਥ (ਅਪੰਗ) ਹੋ, ਬਿਮਾਰ ਜਾਂ ਸਰੀਰਕ ਤੌਰ 'ਤੇ ਅਸਮਰੱਥਾ (ਅਪੰਗਤਾ) ਲੋਕਾਂ ਲਈ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਹੋ ਜਾਂ ਵੈਟਰਨਸ ਹੈਲਥ ਐਡਮਿਨਿਸਟ੍ਰੇਸ਼ਨ ਹਸਪਤਾਲ ਦੇ ਇੱਕ ਵਸਨੀਕ ਜਾਂ ਮਰੀਜ਼ ਹੋ ਜਾਂ ਕਿ ਤੁਸੀਂ ਜੇਲ੍ਹ ਵਿੱਚ ਬੰਦ ਹੋ ਜਾਂ ਮੁਕੱਦਮੇ ਦੀ ਉਡੀਕ ਕਰ ਰਹੇ ਹੋ, ਤਾਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰ ਸਕਦੇ ਹੋ। ਤੁਸੀਂ ਆਪਣੀ ਗੈਰਹਾਜ਼ਰ ਬੈਲਟ ਵਾਲੇ ਬੇਨਤੀ ਫ਼ਾਰਮ 'ਤੇ ਆਪਣਾ ਕਾਰਣ ਲਿਖ ਸਕਦੇ ਹੋ।

### ਕੀ ਮੈਂ ਗੈਰਹਾਜ਼ਰ ਬੈਲਟ ਲਈ ਬੇਨਤੀ ਕਰਕੇ ਅਜੇ ਵੀ ਆਪ ਜਾਕੇ ਵੋਟ ਪਾਉਣ ਦੇ ਯੋਗ ਹਾਂ

ਜੇ ਤੁਸੀਂ ਗੈਰਹਾਜ਼ਰ ਬੈਲਟ ਲਈ ਬੇਨਤੀ ਕੀਤੀ ਹੈ, ਤਾਂ ਫਿਰ ਤੁਹਾਨੂੰ ਇਸ ਨਾਲ ਵੋਟ ਪਾਉਣ ਦਾ ਪਲਾਨ ਬਣਾਉਣਾ ਚਾਹੀਦਾ ਹੈ। ਚੋਣ ਸ਼ੁਰੂ ਹੋਣ ਦੇ ਸਮੇਂ, ਤੁਸੀਂ ਵੋਟਿੰਗ ਹੋਣ ਵਾਲੀ ਕਿਸੇ ਵੀ ਥਾਂ 'ਤੇ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਹਾਲਾਂਕਿ, ਜੇ ਤੁਸੀਂ ਗੈਰਹਾਜ਼ਰ ਬੈਲਟ ਦੀ ਬੇਨਤੀ ਕਰਨ ਤੋਂ ਬਾਅਦ ਆਪ ਜਾਕੇ ਵੋਟ ਪਾਉਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਆਪਣੀ ਵੋਟਾਂ ਪੈਣ ਦੀ ਥਾਂ 'ਤੇ ਹਲਫ਼ਨਾਮੇ ਵਾਲੀ ਵੋਟ-ਪਰਚੀ ਨਾਲ ਵੋਟ ਪਾਉਣੀ ਪਏਗੀ। ਇਹ ਵੋਟ-ਪਰਚੀ ਵੱਖਰੀ ਨਜ਼ਰ ਆਏਗੀ। ਜੇ ਤੁਹਾਨੂੰ ਇਸਦੀ ਲੋੜ ਹੈ, ਤਾਂ ਮਦਦ ਲਈ ਪੋਲ ਵਰਕਰ ਨੂੰ ਕਹੋ।

### ਕੀ ਮੈਨੂੰ ਡਾਕ ਟਿਕਟਾਂ ਲਾਉਣ ਦੀ ਲੋੜ ਹੈ, ਜੇ ਮੈਂ ਆਪਣੀ ਵੋਟ-ਪਰਚੀ ਡਾਕ ਰਾਹੀਂ ਭੇਜਦਾ/ਭੇਜਦੀ ਹਾਂ?

ਨਹੀਂ, ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ। ਹਾਲਾਂਕਿ, ਜਿੰਨੀ ਛੇਤੀ ਸੰਭਵ ਹੋਵੇ, ਆਪਣੀ ਵੋਟ-ਪਰਚੀ ਵਾਪਸ ਡਾਕ ਰਾਹੀਂ ਭੇਜਣੀ ਯਕੀਨੀ ਬਣਾਓ। ਇਸ ਨੂੰ ਵੈਧ ਕਰਨ ਲਈ ਚੋਣ-ਦਿਵਸ ਤੱਕ ਪੋਸਟਮਾਰਕ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ।

### ਕੀ ਮੈਂ ਵੋਟਾਂ ਪੈਣ ਦੀ ਥਾਂ 'ਤੇ ਆਪਣੀ ਗੈਰਹਾਜ਼ਰ ਬੈਲਟ ਪਾ ਸਕਦਾ/ਸਕਦੀ ਹਾਂ?

ਹਾਂ! ਤੁਸੀਂ ਕਿਸੇ ਵੀ NYC ਦੀ ਵੋਟਾਂ ਪੈਣ ਦੀ ਥਾਂ 'ਤੇ ਜਾਂ ਚੋਣ ਬੋਰਡ (Board of Elections) ਦੇ ਦਫ਼ਤਰ ਵਿੱਚ ਆਪਣੀ ਭਰੀ ਹੋਈ ਗੈਰਹਾਜ਼ਰ ਬੈਲਟ ਪਾ ਸਕਦੇ ਹੋ। ਮੂਹਰਲੇ ਡੈਸਕ 'ਤੇ ਵੋਟ-ਪਰਚੀਆਂ ਵਾਲੇ ਡੱਬਾ ਮਿਲਣਗੇ। ਤੁਹਾਨੂੰ ਡਾਕ ਟਿਕਟਾਂ ਨਹੀਂ ਲਾਉਣੀਆਂ ਪੈਣੀਆਂ।

### ਕੀ ਮੈਂ ਆਪਣੀ ਵੋਟ-ਪਰਚੀ ਵਾਪਸ ਕਰਨ ਤੋਂ ਬਾਅਦ ਇਸਦਾ ਟ੍ਰੈਕ ਕਰ ਭੇਜਦਾ/ਭੇਜਦੀ ਹਾਂ?

ਹਾਂ! **nycabsentee.com/tracking** 'ਤੇ ਜਾਓ।

### ਕੀ ਹੁੰਦਾ ਹੈ, ਜੇ ਮੇਰੀ ਗੈਰਹਾਜ਼ਰ ਬੈਲਟ ਨਾਲ ਕੋਈ ਮਸਲਾ ਹੈ? ਕੀ ਮੈਨੂੰ ਇਸ ਨੂੰ ਦਰੁਸਤ ਕਰਨ ਦਾ ਮੌਕਾ ਮਿਲੇਗਾ?

ਜੇ ਤੁਹਾਡੀ ਵੋਟ-ਪਰਚੀ ਦੇ ਲਿਫ਼ਾਫ਼ੇ 'ਤੇ ਦਸਤਖ਼ਤ ਨਾ ਕਰਨ ਜਾਂ ਗ਼ਲਤ ਦਸਤਖ਼ਤ ਕਰਨ ਵਰਗੀ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਤੁਹਾਨੂੰ ਕਾਨੂੰਨ ਦੀ ਲੋੜ ਅਨੁਸਾਰ ਇਸ ਬਾਰੇ ਚੋਣ ਬੋਰਡ (Board of Elections) ਨੂੰ ਦੱਸਣਾ ਪੈਣਾ ਹੈ। ਜੇ ਤੁਹਾਡੀ ਵੋਟ-ਪਰਚੀ 'ਤੇ ਕੋਈ ਠੀਕ ਕਰਨ ਵਾਲੀ ਗ਼ਲਤੀ ਹੈ, ਤਾਂ ਦਫ਼ਤਰ ਇਸ ਗ਼ਲਤੀ ਦਾ ਪਤਾ ਲੱਗਣ ਦੇ 1 ਦਿਨ ਦੇ ਅੰਦਰ ਡਾਕ, ਈਮੇਲ ਜਾਂ ਫੋਨ (ਜੇ ਉਪਲਬਧ ਹੈ) ਰਾਹੀਂ ਤੁਹਾਡੇ ਨਾਲ ਸੰਪਰਕ ਕਰੇਗਾ। ਫਿਰ, ਦਸਤਖ਼ਤਸ਼ੁਦਾ ਪੁਸ਼ਟੀ ਵਾਪਸ ਕਰਕੇ ਉਸ ਗ਼ਲਤੀ ਨੂੰ ਠੀਕ ਕਰਨ ਲਈ ਤੁਹਾਡੇ ਕੋਲ ਦਫ਼ਤਰੀ ਕੰਮਕਾਜ ਦੇ 7 ਦਿਨ ਤੱਕ ਹੋਣਗੇ।

### ਕੀ ਤੁਹਾਡੇ ਹੋਰ ਸੁਆਲ ਹਨ?

**punjabi.nycvotes.org/faqs** 'ਤੇ ਜਾਓ! ਤੁਸੀਂ ਸਾਨੂੰ **nycvotes@nyccfb.info** 'ਤੇ ਈਮੇਲ ਵੀ ਕਰ ਸਕਦੇ ਹੋ ਜਾਂ (**@nycvotes**) 'ਤੇ Instagram, Twitter, Facebook ਜਾਂ TikTok 'ਤੇ ਸਾਨੂੰ ਮੈਸੇਜ ਕਰ ਸਕਦੇ ਹੋ।

## ਤਰਜੀਹੀ ਵੋਟਿੰਗ

### ਤਰਜੀਹੀ ਵੋਟਿੰਗ ਕਿਵੇਂ ਕੰਮ ਕਰਦੀ ਹੈ?

ਸਿਰਫ਼ ਇੱਕ ਉਮੀਦਵਾਰ ਨੂੰ ਚੁਣਨ ਦੀ ਥਾਂ, ਤਰਜੀਹੀ ਤਰਤੀਬ ਵਿੱਚ ਤੁਸੀਂ ਪੰਜ ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ। ਜੇ ਉਮੀਦਵਾਰ ਨੂੰ ਪਹਿਲੀ-ਪਸੰਦ ਦੀਆਂ ਵੋਟਾਂ ਦਾ 50% ਤੋਂ ਵੱਧ ਮਿਲਦਾ ਹੈ, ਤਾਂ ਉਹ ਜੇਤੂ ਹੁੰਦੇ ਹਨ। ਜੇ ਉਮੀਦਵਾਰ ਨੂੰ ਪਹਿਲੀ-ਪਸੰਦ ਦੀਆਂ ਵੋਟਾਂ ਦਾ 50% ਤੋਂ ਵੱਧ ਨਹੀਂ ਮਿਲਦਾ, ਤਾਂ ਫਿਰ ਗਿਣਤੀ ਗੇੜਾਂ ਵਿੱਚ ਚੱਲਦੀ ਰਹੇਗੀ। ਹਰ ਗੇੜ ਦੇ ਅਖ਼ੀਰ 'ਤੇ, ਸਭ ਤੋਂ ਘੱਟ ਵੋਟਾਂ ਵਾਲਾ ਉਮੀਦਵਾਰ ਬਾਹਰ ਹੋ ਜਾਏਗਾ। ਜੇ ਤੁਸੀਂ ਉਸ ਉਮੀਦਵਾਰ ਨੂੰ ਪਹਿਲਾ ਰੈਂਕ ਦਿੰਦੇ ਹੋ, ਤਾਂ, ਤੁਹਾਡੀ ਵੋਟ-ਪਰਚੀ 'ਤੇ ਅਗਲੇ ਰੈਂਕ ਵਾਲੇ ਉਮੀਦਵਾਰ ਨੂੰ ਮਿਲ ਜਾਏਗੀ। ਇਹ ਅਮਲ ਦੋ ਉਮੀਦਵਾਰ ਬਚਣ ਤੱਕ ਜਾਰੀ ਰਹੇਗਾ। ਸਭ ਤੋਂ ਵੱਧ ਵੋਟਾਂ ਵਾਲਾ ਉਮੀਦਵਾਰ ਜੇਤੂ ਹੁੰਦਾ ਹੈ।

### ਕੀ ਮੈਂ ਅਜੇ ਵੀ ਸਿਰਫ਼ ਇੱਕ ਉਮੀਦਵਾਰ ਨੂੰ ਵੋਟ ਪਾ ਸਕਦਾ/ਸਕਦੀ ਹਾਂ?

ਹਾਂ। ਜੇ ਤੁਸੀਂ ਚਾਹੋ, ਤਾਂ ਤੁਸੀਂ ਅਜੇ ਵੀ ਸਿਰਫ਼ ਆਪਣੀ ਪਹਿਲੀ-ਪਸੰਦ ਵਾਲੇ ਉਮੀਦਵਾਰ ਨੂੰ ਵੋਟ ਪਾ ਸਕਦੇ ਹੋ। ਹਾਲਾਂਕਿ, ਹੋਰਨਾਂ ਉਮੀਦਵਾਰਾਂ ਨੂੰ ਦਿੱਤੀ ਗਈ ਰੈਂਕਿੰਗ ਤੁਹਾਡੀ ਪਹਿਲੀ ਪਸੰਦ ਨੂੰ ਨੁਕਸਾਨ ਨਹੀਂ ਪਹੁੰਚਾਉਂਦੀ। ਜੇ ਸਿਰਫ਼ ਤੁਹਾਡੀ ਪਸੰਦ ਦਾ ਉਮੀਦਵਾਰ ਬਾਹਰ ਹੋ ਜਾਂਦਾ ਹੈ, ਤਾਂ ਤੁਹਾਡੀ ਵੋਟ ਦਾ ਚੋਣ-ਨਤੀਜੇ 'ਤੇ ਕੋਈ ਅਸਰ ਨਹੀਂ ਪਏਗਾ।

### ਕੀ ਮੈਂ ਕੁੱਲ 5 ਉਮੀਦਵਾਰਾਂ ਨੂੰ ਰੈਂਕ ਦੇਣਾ ਹੈ?

ਨਹੀਂ। ਤੁਸੀਂ ਪੰਜ ਉਮੀਦਵਾਰਾਂ ਤੱਕ ਨੂੰ ਰੈਂਕ ਦੇ ਸਕਦੇ ਹੋ, ਪਰ ਤੁਹਾਨੂੰ ਕੁੱਲ ਪੰਜ ਰੈਂਕ ਦੇਣ ਦੀ ਲੋੜ ਨਹੀਂ ਹੈ।

### ਕੀ ਮੈਂ ਆਪਣੇ ਪਸੰਦੀਦਾ ਉਮੀਦਵਾਰ ਨੂੰ ਇੱਕ ਨਾਲੋਂ ਵੱਧ ਵਾਰੀ ਰੈਂਕ ਦੇ ਸਕਦਾ/ਸਕਦੀ ਹਾਂ?

ਨਹੀਂ। ਉਦਾਹਰਣ ਲਈ, ਜੇ ਤੁਸੀਂ ਆਪਣੇ ਤਰਜੀਹੀ ਉਮੀਦਵਾਰ ਨੂੰ ਇੱਕ ਤੋਂ ਵੱਧ ਵਾਰੀ ਰੈਂਕ ਦਿੰਦੇ ਹੋ, ਤਾਂ ਤੁਹਾਡੀ 1ਲੀ, 2ਜੀ, 3 ਜੀ, 4ਥੀ ਅਤੇ 5ਵੀਂ ਰੈਂਕਿੰਗ ਵਿੱਚੋਂ ਸਿਰਫ਼ ਪਹਿਲੀ ਗਿਣੀ ਜਾਏਗੀ। ਇੱਕੋ ਉਮੀਦਵਾਰ ਨੂੰ ਕਈ ਰੈਂਕਿੰਗ ਦੇਣ ਦਾ ਕੋਈ ਸਿਆਸੀ ਫ਼ਾਇਦਾ ਨਹੀਂ ਹੁੰਦਾ।

### ਕੀ ਮੈਂ ਆਪਣੀ ਪਹਿਲੀ ਪਸੰਦ ਵਜੋਂ ਕਈ ਉਮੀਦਵਾਰਾਂ ਨੂੰ ਰੈਂਕ ਦੇ ਸਕਦਾ/ਸਕਦੀ ਹਾਂ?

ਨਹੀਂ। ਤੁਸੀਂ ਹਰ ਇੱਕ ਰੈਂਕਿੰਗ ਲਈ ਸਿਰਫ਼ ਇੱਕ ਉਮੀਦਵਾਰ ਚੁਣ ਸਕਦੇ ਹੋ। ਜੇ ਤੁਸੀਂ ਆਪਣੀ ਪਹਿਲੀ ਪਸੰਦ ਵਜੋਂ ਇੱਕ ਤੋਂ ਵੱਧ ਉਮੀਦਵਾਰ ਚੁਣਦੇ ਹੋ, ਤਾਂ ਤੁਹਾਡੀ ਵੋਟ-ਪਰਚੀ ਵੈਧ ਨਹੀਂ ਹੋਏਗੀ।

### ਜੇ ਮੈਂ ਪੰਜ ਉਮੀਦਵਾਰਾਂ ਨੂੰ ਰੈਂਕ ਦਿੰਦਾ/ਦਿੰਦੀ ਹਾਂ, ਤਾਂ ਕੀ ਮੇਰੀਆਂ ਪੰਜ ਵੋਟਾਂ ਗਿਣੀਆਂ ਜਾਂਦੀਆਂ ਹਨ?

ਨਹੀਂ। ਤੁਹਾਡੀ ਸਿਰਫ਼ ਇੱਕ ਵੋਟ ਗਿਣੀ ਜਾਏਗੀ। ਤੁਹਾਡੀ ਵੋਟ ਸਿਰਫ਼ ਤੁਹਾਡੇ ਸਭ ਤੋਂ ਉੱਚੀ ਰੈਂਕ ਵਾਲੇ ਉਮੀਦਵਾਰ ਲਈ ਗਿਣੀ ਜਾਏਗੀ, ਜੋ ਕਿ ਬਾਹਰ ਨਹੀਂ ਹੋਇਆ। ਜੇ ਤੁਹਾਡੀ ਮੁੱਖ ਚੋਣ ਵਾਲਾ ਉਮੀਦਵਾਰ ਬਾਹਰ ਹੋ ਜਾਂਦਾ ਹੈ, ਤਾਂ ਫਿਰ ਤੁਹਾਡੀ ਵੋਟ ਤੁਹਾਡੇ ਅਗਲੇ ਸਭ ਤੋਂ ਉੱਚੀ ਰੈਂਕ ਵਾਲੇ ਉਮੀਦਵਾਰ ਲਈ ਗਿਣੀ ਜਾਏਗੀ।

### ਮੈਂ ਤਰਜੀਹੀ ਵੋਟਿੰਗ ਦੀਆਂ ਚੋਣਾਂ ਦੇ ਨਤੀਜਿਆਂ ਦੀ ਕਦੋਂ ਤੱਕ ਉਮੀਦ ਕਰ ਸਕਦਾ/ਸਕਦੀ ਹਾਂ?

ਇਸ ਗੱਲ ਦੀ ਸੰਭਾਵਨਾ ਹੈ ਕਿ ਤਰਜੀਹੀ ਵੋਟਿੰਗ ਦੇ ਅੰਤਮ ਨਤੀਜੇ, ਸਾਰੀਆਂ ਗੈਰਹਾਜ਼ਰ ਅਤੇ ਫ਼ੌਜੀ ਵੋਟ-ਪਰਚੀਆਂ ਦੀ ਗਿਣਤੀ ਕੀਤੇ ਜਾਣ ਤੱਕ ਜਾਰੀ ਨਹੀਂ ਕੀਤੇ ਜਾਣਗੇ, ਇਸ ਅਮਲ ਲਈ ਚੋਣ-ਦਿਵਸ ਤੋਂ ਬਾਅਦ ਕਈ ਹਫ਼ਤੇ ਲੱਗ ਸਕਦੇ ਹਨ।

### ਮੈਂ ਤਰਜੀਹੀ ਵੋਟਿੰਗ ਵਾਲੇ ਉਮੀਦਵਾਰ ਨੂੰ ਲਿਖਕੇ ਵੋਟ ਕਿਵੇਂ ਪਾਵਾਂ?

ਉਸ ਉਮੀਦਵਾਰ, ਜਿਸਦਾ ਨਾਂ ਵੋਟ-ਪਰਚੀ 'ਤੇ ਨਹੀਂ ਹੈ, ਨੂੰ ਵੋਟ ਪਾਉਣ ਲਈ "Write-in" (ਇੱਥੇ ਲਿਖੋ) ਵਿੱਚ ਉਹਨਾਂ ਦਾ ਨਾਂ ਲਿਖੋ ਅਤੇ ਆਪਣੀ ਰਾਈਟ-ਇਨ ਪਸੰਦ ਲਈ ਅੰਡਾਕਾਰ ਥਾਂ ਭਰੋ।

### ਜੇ ਮੈਂ ਆਪਣੀ ਵੋਟ-ਪਰਚੀ 'ਤੇ ਕੋਈ ਗ਼ਲਤੀ ਕਰਦਾ/ਕਰਦੀ ਹਾਂ, ਤਾਂ ਕੀ ਵੋਟਿੰਗ ਮਸ਼ੀਨ ਮੈਨੂੰ ਦੱਸੇਗੀ?

ਜੇ ਤੁਸੀਂ ਆਪ ਜਾਕੇ ਵੋਟ ਪਾਉਂਦੇ ਹੋ, ਤਾਂ ਇਸਨੂੰ ਸਕੈਨ ਕਰਨ ਵੇਲੇ ਵੋਟਿੰਗ ਮਸ਼ੀਨ ਤੁਹਾਨੂੰ ਦੱਸੇਗੀ ਕਿ ਤੁਸੀਂ ਕਈ ਉਮੀਦਵਾਰਾਂ ਨੂੰ ਇੱਕੋ ਜਿਹੀ ਰੈਂਕਿੰਗ ਦਿੱਤੀ ਹੈ। ਜੇ ਤੁਹਾਡੇ ਤੋਂ ਕੋਈ ਗ਼ਲਤੀ ਹੋ ਗਈ ਹੈ, ਤਾਂ ਤੁਸੀਂ ਪੋਲ ਵਰਕਰ ਨੂੰ ਨਵੀਂ ਵੋਟ-ਪਰਚੀ ਦੇਣ ਲਈ ਕਹਿ ਸਕਦੇ ਹੋ। ਜੇ ਤੁਸੀਂ ਰੈਂਕਿੰਗ ਛੱਡ ਦਿੰਦੇ ਹੋ ਜਾਂ ਇੱਕ ਹੀ ਉਮੀਦਵਾਰ ਨੂੰ ਕਈ ਵਾਰੀ ਵੋਟ ਦਿੰਦੇ ਹੋ, ਤਾਂ ਵੋਟਿੰਗ ਮਸ਼ੀਨ ਤੁਹਾਨੂੰ ਇਸ ਬਾਰੇ ਨਹੀਂ ਦੱਸੇਗੀ, ਕਿਉਂਕਿ ਉਹਨਾਂ ਸਥਿਤੀਆਂ ਵਿੱਚ ਅਜੇ ਵੀ ਤੁਹਾਡੀ ਮੁੱਖ-ਪਸੰਦ ਵਾਲੀ ਵੋਟ ਹੀ ਗਿਣੀ ਜਾਏਗੀ।

## ਚੋਣ ਬੋਰਡ (Board of Elections) ਨਾਲ ਆਪਣੀ ਜਾਣਕਾਰੀ ਅਪਡੇਟ ਕਰੋ

ਸਾਨੂੰ ਤੁਹਾਡਾ ਨਾਂ ਅਤੇ ਪਤਾ ਨਿਊਯਾਰਕ ਸ਼ਹਿਰ ਚੋਣ ਬੋਰਡ (Board of Elections) ਵਲੋਂ ਪ੍ਰਬੰਧ ਕੀਤੀ ਗਈ ਰਜਿਸਟਰਡ ਵੋਟਰਾਂ ਦੀ ਸੂਚੀ ਤੋਂ ਮਿਲ ਗਿਆ ਹੈ।

ਜੇ ਤੁਹਾਨੂੰ ਮੇਲ ਰਾਹੀਂ ਵੋਟ ਮਿਲਦੀ ਹੈ, ਪਰ ਤੁਸੀਂ ਉਸ ਪਤੇ 'ਤੇ ਨਹੀਂ ਰਹਿੰਦੇ ਜਾਂ ਪਿਛਲਾ ਵਸਨੀਕ ਚਲਾ ਗਿਆ ਹੈ ਜਾਂ ਉਸਦੀ ਮੌਤ ਹੋ ਗਈ ਹੈ, ਤਾਂ ਚੋਣ ਬੋਰਡ (Board of Elections) ਨੂੰ ਦੱਸੋ, ਤਾਂਜੋ ਉਹ ਆਪਣੇ ਰਿਕੱਾਰਡ ਦਰੁਸਤ ਕਰ ਸਕਣ।

NYC VOTES

## ਵੋਟਰ ਗਾਈਡ ਬਾਰੇ

ਕਾਨੂੰਨ ਅਨੁਸਾਰ, NYC Votes ਨੂੰ ਸ਼ਹਿਰੀ ਚੋਣਾਂ ਲਈ ਨਿਊਯਾਰਕ ਸਿਟੀ ਵਿਚਲੇ ਰਜਿਸਟਰਡ ਵੋਟਰ ਵਾਲੇ ਹਰ ਇੱਕ ਘਰ ਵਿੱਚ ਵੋਟਰ ਗਾਈਡ ਭੇਜਣੀ ਪੈਣੀ ਹੈ। ਅਸੀਂ ਹਰ ਰਜਿਸਟਰਡ ਵੋਟਰ ਲਈ ਇਹ ਗਾਈਡ ਅੰਗ੍ਰੇਜ਼ੀ ਅਤੇ ਸਪੈਨਿਸ਼ ਅਤੇ ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਅਧਾਰ 'ਤੇ ਮਿੱਥੇ ਹੋਏ ਇਲਾਕਿਆਂ ਵਿਚਲੇ ਵੋਟਰਾਂ ਨੂੰ ਅਰਬੀ, ਬੰਗਾਲੀ, ਚੀਨੀ, ਫ਼੍ਰੈਂਚ, ਹੈਤੀਅਨ ਕ੍ਰਿਓਲ, ਹਿੰਦੀ, ਕੋਰੀਅਨ, ਪੌਲਿਸ਼, ਪੰਜਾਬੀ, ਰੂਸੀ ਅਤੇ ਉਰਦੂ ਵਿੱਚ ਭੇਜਦੇ ਹਾਂ।

**ਆਪਣੀ ਵੋਟ-ਪਰਚੀ 'ਤੇ ਉਮੀਦਵਾਰਾਂ ਬਾਰੇ ਜਾਣਨ ਲਈ punjabi.nycvotes.org/candidates 'ਤੇ ਜਾਓ।**

ਨਿਊਯਾਰਕ ਸ਼ਹਿਰ 2023 ਪ੍ਰਮੁੱਖ ਚੋਣਾਂ ਬਾਰੇ ਵੋਟਰ ਗਾਈਡ। ਕੱਾਪੀਰਾਈਟ © 2023 ਨਿਊਯਾਰਕ ਸ਼ਹਿਰ ਦਾ ਚੋਣ-ਪ੍ਰਚਾਰ ਫਾਇਨਾਂਸ ਬੋਰਡ ਨਿਊਯਾਰਕ ਸਾਰੇ ਹੱਕ ਰਾਖਵੇਂ ਹਨ। ਬੈੱਲਵੈਦਰ ਏਜੰਸੀ ਵਲੋਂ ਡਿਜ਼ਾਈਨ। ਅਮਰੀਕਾ ਵਿੱਚ ਤਿਆਰ ਕੀਤੀ ਗਈ ਹੈ

## ਚੋਣ ਬੋਰਡ (Board of Elections) ਨਾਲ ਸੰਪਰਕ ਕਰੋ

ਚੋਣ ਬੋਰਡ (Board of Elections) ਸਾਡੀਆਂ ਚੋਣਾਂ ਦਾ ਪ੍ਰਬੰਧ ਕਰਦਾ ਹੈ ਅਤੇ ਰਜਿਸਟਰਡ ਵੋਟਰਾਂ ਦੇ ਡਾਟਾਬੇਸ ਦੀ ਸਾਂਭ-ਸੰਭਾਲ, ਵੋਟਾਂ ਪੈਣ ਵਾਲੀਆਂ ਥਾਵਾਂ ਦੀ ਨਿਗਰਾਨੀ, ਵੋਟ-ਪਰਚੀਆਂ ਦੀ ਗਿਣਤੀ ਅਤੇ ਚੋਣ ਨਤੀਜਿਆਂ ਦੀ ਰਿਪੋਰਟ ਕਰਨ ਲਈ ਜ਼ਿੰਮੇਵਾਰ ਹੈ। ਤੁਸੀਂ ਚੋਣ ਬੋਰਡ (Board of Elections) ਕੋਲ ਆਪਣੀ ਵੋਟਰ ਰਜਿਸਟ੍ਰੇਸ਼ਨ ਅਪਡੇਟ ਕਰ ਸਕਦੇ ਹੋ, ਗੈਰਹਾਜ਼ਰ ਬੈਲਟ ਲਈ ਅਪਲਾਈ ਕਰ ਸਕਦੇ ਹੋ, ਪੋਲ ਵਰਕਰ ਜਾਂ ਭਾਸ਼ਾ ਬਾਰੇ ਦੁਭਾਸੀਆ ਲਈ ਅਪਲਾਈ ਅਤੇ ਹੋਰ ਬਹੁਤ ਕੁਝ ਕਰ ਸਕਦੇ ਹੋ।

### ਕੰਮ-ਕਾਜ ਦਾ ਆਮ ਸਮਾਂ

ਸਵੇਰੇ 9:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਸੋਮਵਾਰ ਤੋਂ ਸ਼ੁੱਕਰਵਾਰ ਅਤੇ ਚੋਣ-ਦਿਵਸ 'ਤੇ ਅਤੇ ਉਸਤੋਂ ਪਹਿਲਾਂ ਪੈਣ ਵਾਲੇ ਵੀਕਐਂਡ ਦੌਰਾਨ। ਕੰਮ-ਕਾਜ ਦੇ ਸਮਿਆਂ ਲਈ **vote.nyc** 'ਤੇ ਪਤਾ ਲਾਓ।

ਸੁਣਨ ਵਿੱਚ ਦਿੱਕਤ ਵਾਲਿਆਂ ਲਈ
866-VOTE-NYC
(TTY 212-487-5496)

**ਹੋਰ ਜਾਣਨ ਲਈ vote.nyc 'ਤੇ ਜਾਓ**

| | ਪਤਾ | ਫੋਨ ਨੰਬਰ |
|---|---|---|
| ਆਮ ਦਫ਼ਤਰ | 32-42 Broadway, 7th Floor<br>New York, NY 10004 | 212-487-5400 |
| ਬ੍ਰੌਂਕਸ | 1780 Grand Concourse, 5th Floor<br>Bronx, NY 10457 | |
| ਬਰੁਕਲਿਨ | 345 Adams Street, 4th Floor<br>Brooklyn, NY 11201 | |
| ਮੈਨਹੱਟਨ | 200 Varick Street, 10th Floor<br>New York, NY 10014 | |
| ਕੁਈਨਸ | 118-35 Queens Boulevard, 11th Floor<br>Forest Hills, NY 11375 | |
| ਸਟੇਟਨ ਆਈਲੈਂਡ | 1 Edgewater Plaza, 4th Floor<br>Staten Island, NY 10305 | |